ੴ ਵਾਹਿਗੁਰੂ ਜੀ ਕੀ ਫ਼ਤਹ

ਮਾਸਿਕ ਪੱਤਰ

# ਸੂਰਾ

ਲੁਧਿਆਣਾ

ਅਕਤੂਬਰ 2000

SURA Monthly LUDHIANA

OCT. 2000



**ਗੁਰੂ ਕਾਂਸ਼ੀ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਬਠਿੰਡਾ**

ਦੱਖਣ ਵੱਲ ਰਵਾਨਾ ਹੋਣ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਸਥਾਨ ਤੇ ਲਗਭਗ ਨੌ ਮਹੀਨੇ ਠਹਿਰੇ ਅਤੇ ਪਾਵਨ ਬੀੜ ਸੰਪੂਰਨ ਕੀਤੀ। ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪ ਜੀ ਨੇ ਹਜ਼ੂਰ ਸਾਹਿਬ ਵਾਲੇ ਅਸਥਾਨ ਤੇ ਇਸ ਬੀੜ ਨੂੰ ਸਦੀਵ ਕਾਲ ਲਈ ਗੁਰਿਆਈ ਬਖਸ਼ ਕੇ ਇਸ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਨਾਂ ਦੇ ਕੇ ਸਮੂਹ ਸਿਖ ਜਗਤ ਨੂੰ ਇਸਦੀ ਤਾਬਿਆ www.AKJ.Org ਕੀਤਾ।

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ।

1. ਲੁਧਿਆਣਾ: (ੳ) ਮੁੱਖ ਦਫ਼ਤਰ ਸੂਰਾ, ਕੋਠੀ ਨੰ: 12 ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
(ਅ) ਸਬ-ਆਫਿਸ ਸੂਰਾ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ। ਫੋਨ 428194
(ੲ) ਭਾਈ ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸ਼ਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ, ਲੁਧਿਆਣਾ, ਫੋਨ 730604
(ਸ) ਸ: ਇਕਬਾਲ ਸਿੰਘ ਜੀ ਖਾਲਸਾ ਸ਼ਾਲਜ਼ ਮੋਚਪੁਰਾ ਬਜ਼ਾਰ, ਲੁਧਿਆਣਾ।
(ਹ) ਸ: ਅਜੀਤ ਸਿੰਘ 17/5 ਪਾਵਰ ਕਲੋਨੀ ਸਰਾਭਾ ਨਗਰ ਟੈਲੀਫੋਨ 458644, 459701

2. ਫਗਵਾੜਾ: ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਨੇੜੇ ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ। ਟੈਲੀਫੋਨ 68307

3. ਚੰਡੀਗੜ੍ਹ, ਮੋਹਾਲੀ: ਭਾਈ ਗੁਰਚਰਨ ਸਿੰਘ ਜੀ, ਮਕਾਨ ਨੰ: 236, ਵਾਰਡ ਨੰ: 1, ਚੰਡੀਗੜ੍ਹ ਰੋਡ, ਮੁੰਡੀ ਖਰੜ।
ਖਰੜ, ਮੋਰਿੰਡਾ: ਟੈਲੀ: 01888-46036

4. ਕਪੂਰਥਲਾ: ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।

5. ਪਟਿਆਲਾ: 1. ਸੰਦੀਪ ਪਾਲ ਸਿੰਘ S/o ਸ: ਰਵੇਲ ਸਿੰਘ 654/3 ਖਾਲਸਾ ਮੁਹੱਲਾ ਧਰਮਪੁਰਾ ਬਜ਼ਾਰ ਪਟਿਆਲਾ ਟੈਲੀ: 228703
2. ਸੁਲੱਖਣ ਸਿੰਘ ਖਾਲਸਾ ਨਿਸ਼ਾਨ ਸਟੋਰ ਦੁਕਾਨ ਨੰ 14/15 ਗੁ: ਦੁਖ ਨਿਵਾਰਨ ਬਜ਼ਾਰ ਪਟਿਆਲਾ ਟੈਲੀ: 361415

6. ਅੰਮ੍ਰਿਤਸਰ: 1. ਭਾਈ ਸਤਨਾਮ ਸਿੰਘ ਜੀ, ਪਿੰਡ ਚਾਚੋਵਾਲੀ, ਡਾਕਖਾਨਾ ਜੈਤੀਪੁਰਾ।
2. ਭਾਈ ਭੁਪਿੰਦਰ ਸਿੰਘ ਜੀ ਖਾਲਸਾ, 4969 ਅਜ਼ਾਦ ਨਗਰ, ਨੇੜੇ ਟਿਊਬਵੈੱਲ, ਤਾਰਾ ਸਿੰਘ ਕੋਟ ਖਾਲਸਾ, ਅੰਮ੍ਰਿਤਸਰ।

7. ਜਲੰਧਰ: ਸ: ਹਰਜੀਤ ਸਿੰਘ ਬੈਂਕ ਆਫ਼ ਇੰਡੀਆ ਸਤਲੁਜ ਮਾਰਕੀਟ ਨੇੜੇ ਬਸ ਸਟੈਂਡ ਜਲੰਧਰ ਸ਼ਹਿਰ ਫੋਨ 462065

8. ਯਮੁਨਾਨਗਰ: ਭਾਈ ਇਕਬਾਲ ਸਿੰਘ ਜੀ, 536-ਲੋਹਾਰਾ ਗਲੀ, ਜਗਾਧਰੀ। ਫੋਨ 47341

9. ਫਿਰੋਜ਼ਪੁਰ: ਭਾਈ ਬਲਵਿੰਦਰ ਸਿੰਘ, ਹਾਤਾ ਨੰ: 48, ਬਜ਼ਾਰ ਨੰ: 1, ਫਿਰੋਜ਼ਪੁਰ ਛਾਉਣੀ।

10. ਪਠਾਨਕੋਟ: ਸ: ਹਰਭਜਨ ਸਿੰਘ M.E.S. ਪਠਾਨਕੋਟ।

11. ਅੰਬਾਲਾ: 1. ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ।
2. ਭਾਈ ਭਗਵਾਨ ਸਿੰਘ ਵੈਦ 10 ਵੀਟਾ ਐਨਕਲੇਵ ਨੇੜੇ ਮਿਲਕ ਪਲਾਂਟ ਬਲਦੇਵ ਨਗਰ ਅੰਬਾਲਾ ਸ਼ਹਿਰ
3. ਸ: ਮਲਕੀਅਤ ਸਿੰਘ ਮਾਰਫਤ ਸਰਦਾਰ ਕਲਾਥ ਹਾਊਸ ਪਿੰਡ ਨਨਹੇੜਾ ਡਾ: ਕੁਲਦੀਪ ਨਗਰ ਅੰਬਾਲਾ

12. ਬਠਿੰਡਾ: ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ 7819 ਨੇੜੇ ਡੰਗਰਾਂ ਦਾ ਹਸਪਤਾਲ। ਫੋਨ : 217743

13. ਧੂਰੀ: ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ। ਫੋਨ 21253

14. ਸਰਹੰਦ: ਸ: ਰੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ, ਸਰਹੰਦ, ਜ਼ਿਲਾ ਫਤਹਿਗੜ੍ਹ ਸਾਹਿਬ, ਟੈਲੀਫੋਨ 01763-20760

15. ਪਾਉਂਟਾ ਸਾਹਿਬ: ਭਾਈ ਪਰਮਜੀਤ ਸਿੰਘ ਜੀ, ਗੁਰੂ ਰਾਖਾ ਇੰਟਰਪ੍ਰਾਈਜ਼ਿਜ਼, ਪਾਉਂਟਾ ਸਾਹਿਬ ਹਿਮਾਚਲ ਪ੍ਰਦੇਸ਼ Tel. Shop 01704-22367, Resi 24067

16. ਬਟਾਲਾ 1. ਭਾਈ ਸੁਖਰਾਜ ਸਿੰਘ ਜੀ ਸਾਹਮਣੇ ਗੁਰੂ ਨਾਨਕ ਦੇਵ ਅਕੈਡਮੀ ਜਲੰਧਰ ਰੋਡ ਟੈਲੀ 46566
2. ਸ: ਹਰਭਜਨ ਸਿੰਘ, ਖਾਲਸਾ ਲਾਇਬਰੇਰੀ ਬਟਾਲਾ।

17. ਦਿੱਲੀ 1. ਗੁਰਪ੍ਰੀਤ ਸਿੰਘ 670 ਡਾਕਟਰ ਮੁਖਰਜੀ ਨਗਰ ਦਿੱਲੀ ਟੈਲੀ: 7654833
2. ਸ: ਨਰਿੰਦਰ ਜੀ ਸਿੰਘ (ਗਾਮਾ) H. No 58-C IInd floor St. No. 11 New Mahavir Nagar P.O. Tilak Nagar-New Delhi 110018 PH Resi - 5155191 Office- 590097-5449276

18. ਇੰਗਲੈਂਡ: ਭਾਈ ਹਰਦੀਪ ਸਿੰਘ ਜੀ, 218, Wexhan Road, Slough Berks SL2 5JP Tel: 01753-530624

19. ਅਮਰੀਕਾ: ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ : 18007226212

20. ਕੈਨੇਡਾ: ਭਾਈ ਰਿਪੁਦਮਨ ਸਿੰਘ ਮਲਿਕ, ਫੋਨ : 18006630224

21. ਆਸਟ੍ਰੇਲੀਆ: ਭਾਈ ਪਰਸ਼ੋਤਮ ਸਿੰਘ ਜੀ, ਫੋਨ : 0061-69634841

22. ਨਿਊਜ਼ੀਲੈਂਡ: ਭਾਈ ਮਹਿੰਦਰ ਸਿੰਘ ਜੀ, ਫੋਨ : 092702755

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

# ਸੂਰਾ

ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

*** Read SURA at Internet : www.surainternational.com ***

ਜਿਲਦ ੩੪ ਅਕਤੂਬਰ ੨੦੦੦ ਅੰਕ ੧੦

## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਮੇਲਾ ਬੀੜ ਬਾਬਾ ਬੁੱਢਾ ਜੀ | ੬ ਅਕਤੂਬਰ |
| ਸ਼ਹੀਦੀ ਭਾਈ ਤਾਰੂ ਸਿੰਘ ਜੀ | ੮ ਅਕਤੂਬਰ। |
| ਅਵਤਾਰ ਪੁਰਬ ਗੁਰੂ ਰਾਮਦਾਸ ਜੀ | ੧੫ ਅਕਤੂਬਰ |
| ਜੋਤੀ ਜੋਤਿ ਦਿਵਸ ਗੁਰੂ ਹਰਿ ਰਾਇ ਜੀ | ੨੧ ਅਕਤੂਬਰ |
| ਗੁਰਿਆਈ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ | ੨੧ ਅਕਤੂਬਰ |
| ਬੰਦੀ ਛੋੜ ਦਿਵਸ | ੨੬ ਅਕਤੂਬਰ |
| ਜਨਮ ਦਿਵਸ ਬਾਬਾ ਬੰਦਾ ਸਿੰਘ ਬਹਾਦਰ | ੨੭ ਅਕਤੂਬਰ |
| ਬਰਸੀ ਸ਼ਹੀਦ ਦਰਸ਼ਨ ਸਿੰਘ ਫੇਰੂਮਾਨ | ੨੭ ਅਕਤੂਬਰ |
| ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੨੯ ਅਕਤੂਬਰ |

## ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | | 40 ਰੁ. |
| ਅਮਾਨਤੀ ਲਾਈਫ਼ ਮੈਂਬਰ | | 400ਰੁ. |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ. | 400ਰੁ. |
| ਅਮਾਨਤੀ ਲਾਈਫ਼ ਮੈਂਬਰ | 1400ਰੁ. | 4000ਰੁ. |

## ਚੰਦਾ ਭੇਜਣ ਦਾ ਪਤਾ

ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ
ਮਾਡਲ ਟਾਊਨ, ਲੁਧਿਆਣਾ-141002
Tel : 0161-428194
Fax : 0161-536340, 532147

ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ)
ਡੀ-੧੩, ਬਲਾਕ-10, ਪਾਹਵਾ ਰੋਡ, ਲੁਧਿਆਣਾ 141 003

## ਤਤਕਰਾ

○ ਜੁਗੋਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ........ ੨
○ ਨਿਮਰਤਾ ........ ੪
○ ਸ਼ਬਦ ਗੁਰੂ ਦਾ ਰਹੱਸ ........ ੭
○ ਗੁਰੂ ਰਾਮ ਦਾਸ ਜੀ ਦੀ ਬਾਣੀ ਅਤੇ ਸੰਗੀਤ ........ ੧੩
○ ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ ਅਤੇ ਸਤਿਕਾਰ ........ ੧੬
○ ਅਟੱਲ ਗੁਰੂ (ਕਵਿਤਾ) ........ ੧੯
○ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਨੂੰ ਨਵਾਂ ਚੈਲੇਂਜ ........ ੨੦
○ ਸ੍ਰੀ ਗੁਰੂ ਗ੍ਰੰਥ ਸਾਹਿਬ ਜਿਹਾ ਸਨਮਾਨ ਹੋਰ ਕਿਸੇ ਨੂੰ ਨਹੀਂ ........ ੨੨
○ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਸੰਦੇਸ਼ ........ ੨੬
○ Guru Granth Sahib Ji ........ ੨੭
○ ਸਲੋਕ ਭਗਤ ਕਬੀਰ ਜੀਉ ਕੇ (Translation) ........ ੨੯
○ ਬਚਿੱਤਰ ਸਿੰਘ ਦੀ ਬਹਾਦਰੀ (ਕਵਿਤਾ) ........ ੩੦
○ ਦੁਰਜਨ ਦੂਜਾ ਭਾਉ ਹੈ ........ ੩੧
○ ਕਰਮ ਫਿਲਾਸਫੀ ........ ੩੫
○ ਆਈਸ ਕਰੀਮ ਸ਼ਾਕਾਹਾਰੀ ਵਸਤੂ ਨਹੀਂ ਹੈ ........ ੩੮
○ ਯੂ.ਕੇ. ਦੀਆਂ ਕੀਰਤਨ ਸਰਗਰਮੀਆਂ ........ ੩੯
○ ਆਉਣ ਵਾਲੇ ਕੀਰਤਨ ਸਮਾਗਮ ........ ੪੦

ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।



www.AKJ.Org

ਅੰਮ੍ਰਿਤ-ਬਾਣੀ ਦੇ ਸਰ-ਚਸ਼ਮੇ

# ਜੁਗੋ ਜੁਗ ਅਟੱਲ ਸਤਿਗੁਰੂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

(ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ)

ਅੰਮ੍ਰਿਤ ਬਾਣੀ ਦੇ ਸਰਸ਼ਾਰ ਸਰੋਵਰ, ਅੰਮ੍ਰਿਤ ਬਾਣੀ ਦੇ ਭੰਡਾਰ ਸਰ-ਚਸ਼ਮੇ ਦੇ ਜੁਗੋ ਜੁਗ ਆਦਿ ਅੰਤ ਏਕੋ ਗੁਰੂ ਅਵਤਾਰ ਹੁਣ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਜਿਨ੍ਹਾਂ ਨੂੰ ਕਿ ਹੁਕਮ ਅਕਾਲ ਦੁਆਰਾ ਸ੍ਰੀ ਕਲਗੀਧਰ ਦਸਮੇਸ਼ ਗੁਰੂ ਜੀ ਨੇ ਅਸਥਾਪਨ ਕੀਤਾ ਹੈ, ਜਿਨ੍ਹਾਂ ਦੇ ਦਰਸ਼ਨ ਕੀਤਿਆਂ ਸੈਂਕੜੇ ਹਜ਼ਾਰਾਂ ਗੁਰਸਿਖ ਸੰਤ-ਚਕੋਰਾਂ ਦੀ ਜਲਨ ਬੁਝਦੀ ਹੈ ਅਤੇ ਮਨ ਸੀਤਲ ਹੁੰਦੇ ਹਨ, ਜਿਨ੍ਹਾਂ ਦੀ ਅੰਮ੍ਰਿਤ ਬਾਣੀ ਸੁਣ ਸੁਣ ਕੇ ਹੀ ਸ੍ਰੋਤੇ ਜਨਾਂ ਦੀ ਪਰਮ ਗਤਿ ਹੁੰਦੀ ਹੈ। ਯਥਾ ਗੁਰਵਾਕ :-

ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥ ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥
ਜਲਨਿ ਬੁਝੀ ਸੀਤਲੁ ਹੋਇ ਮਨੂਆ ਸਤਿਗੁਰ ਕਾ ਦਰਸਨੁ ਪਾਏ ਜੀਉ॥੧॥
(ਮਾਝ ਮ: ੫, ਪੰਨਾ ੧੦੩)

ਕੀ ਇਹਨਾਂ ਆਪੋਂ ਬਣ ਬੈਠੇ ਦੇਹਧਾਰੀ ਗੁਰੂਆਂ ਨੂੰ ਅਪਿਉ ਨਿਝਰ ਝਰਨਿਆਂ ਦੇ ਝਰਨ ਵਾਲੀ ਅੰਮ੍ਰਿਤ ਬਾਣੀ ਦੇ ਉਚਾਰਨ ਦੀ ਸਮਰੱਥਾ ਹੈ ? ਐਵੇਂ ਗੱਦੀਆਂ ਮੱਲ ਮੱਲ ਕੇ ਅਤੇ ਚੌਰ ਝੁਲਾ ਝੁਲਾ ਕੇ ਗੁਰੂ ਬਣਨ ਦੀਆਂ ਰੀਸਾਂ ਅਤੇ ਸਿਮਰਨ-ਦਾਤੇ ਬਣਨ ਦੀਆਂ ਕੂੜੀਆਂ ਹਾਠੀਸਾਂ ਕਰਦੇ ਹਨ। ਕਈਆਂ ਦੀਆਂ ਤਾਂ ਹਾਠੀਸਾਂ ਐਥੋਂ ਤਾਈਂ ਅੱਪੜ ਗਈਆਂ ਹਨ ਕਿ ਉਹ ਸਤਿਗੁਰੂ ਕੀ ਰੀਸੇ ਕੂੜੀਆਂ ਕਚ-ਪਿਚੀਆਂ ਬਾਣੀਆਂ ਭੀ ਉਚਾਰਨ ਲਗ ਪਏ ਹਨ। ਜਿਸ ਕੱਚੀ ਬਾਣੀ ਤੋਂ ਤਸੂ ਮਾਤਰ ਤੱਸਲੀ ਭੀ ਕਿਸੇ ਸੁਣਨ ਪੜ੍ਹਨਹਾਰੇ ਜਗਿਆਸੂ ਦੀ ਨਹੀਂ ਹੋ ਸਕਦੀ। ਸੱਚੇ ਸਤਿਗੁਰੂ ਦੀ ਅੰਮ੍ਰਿਤ ਬਾਣੀ ਦੀ ਪਾਰਸ-ਰਸਾਇਣ-ਕਲਾ ਇਸ ਅਗਲੇ ਗੁਰਵਾਕ ਅੰਦਰ ਕਿਆ ਸੁੰਦਰ ਵਰਣਨ ਹੈ :-

ਅੰਮ੍ਰਿਤ ਬਾਣੀ ਗੁਰ ਕੀ ਮੀਠੀ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ॥
ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ॥੧॥
ਹਉ ਵਾਰੀ ਜੀਉ ਵਾਰੀ ਗੁਰਚਰਣੀ ਚਿਤੁ ਲਾਵਣਿਆ॥
ਸਤਿਗੁਰੁ ਹੈ ਅੰਮ੍ਰਿਤਸਰੁ ਸਾਚਾ ਮਨੁ ਨਾਵੈ ਮੈਲੁ ਚੁਕਾਵਣਿਆ॥੧॥ ਰਹਾਉ॥
(੮॥੭॥੮)ਮਾਝ ਮ: ੩ ਅਸ਼ਟ:, ਪੰਨਾ ੧੧੩

ਇਹ ਸਤਿਗੁਰੂ ਦੀ ਅਮਰ ਕਲਾ ਵਾਲੀ ਅੰਮ੍ਰਿਤ ਸਾਰਖੀ ਮੀਠੀ ਬਾਣੀ ਨੂੰ ਹੀ ਤੌਫ਼ੀਕਾਂ ਹਨ ਕਿ ਜਿਸ ਦੇ ਚੱਖਣ ਭੁੰਚਣ ਨਾਲ ਬਾਣੀ ਦੇ ਰਸੀਏ ਗੁਰਮੁਖ ਜਨਾਂ ਦੇ ਘਟਾਂ ਅੰਤਰਿ ਰਸ ਜੋਤਿ ਪਰਗਾਸ ਹੋਇਆ ਹੁੰਦਾ ਹੈ ਅਤੇ ਨਾਮ ਮਹਾਂ ਰਸ ਦੇ ਅਮਿਉ ਗਟਾਕ ਗਟਕੀਂਵਦੇ ਹਨ ਅਤੇ ਇਸੇ ਦੀ ਬਰਕਤ ਨਾਲ ਅਮਿਉ ਗਟਾਕ ਗਟਕੀਵੇ ਗੁਰਮੁਖ ਦਸਮ ਦੁਆਰ ਚਲੇ ਜਾਂਦੇ ਹਨ, ਜਿਸ ਦਰ ਸੱਚੇ ਵਿਖੇ ਕਿ ਦਿਨ ਰਾਤ ਅਨਹਦ ਸ਼ਬਦ ਵਜਣ ਲਗ ਪੈਂਦੇ ਹਨ, ਐਸੀ ਅੰਮ੍ਰਿਤ ਬਾਣੀ ਦਾ ਬੋਹਿਥ ਅੰਮ੍ਰਿਤਸਰ ਸਾਚਾ, ਸਤਿਗੁਰੂ ਸੱਚਾ ਗੁਰਦੇਵ ਗੁਰੂ ਗ੍ਰੰਥ ਸਾਹਿਬ ਹੀ ਹੈ। ਜੋ ਜਨ ਭੀ ਇਸ ਅੰਮ੍ਰਿਤ-ਸਰੋਵਰ ਅੰਦਰ ਡੁਬਕੀਆਂ ਲਾਉਂਦਾ ਹੈ, ਉਸਦੇ ਮਨ ਦੀ ਮੈਲ ਉਤਰ ਜਾਂਦੀ ਹੈ। ਐਸੀ ਅੰਮ੍ਰਿਤ ਬਾਣੀ ਦਾ ਸਰੋਵਰ ਬੋਹਿਥ ਸਰ-ਚਸ਼ਮਾ ਇਕ ਸਮੇਂ ਅੰਦਰ ਬਸ ਇਕੋ ਸਤਿਗੁਰੂ ਹੀ ਹੈ, ਜੋ ਅਭਿਆਸ ਕਮਾਈ ਕਰਨ ਜੋਗ ਇਕੋ ਸ਼ਬਦ ਦੀ ਸਿਮਰਨ-ਦਾਤਿ ਦਾ ਦਾਤਾਰ ਹੈ।

ਅੰਮ੍ਰਿਤ ਦੀ ਰਸਾਇਣ ਸ਼ਕਤਿ ਵਾਲੀ ਬਸ ਇਕੋ ਹੀ ਬਾਣੀ ਗੁਰਬਾਣੀ ਹੈ। ਇਸ ਗੁਰੂ ਰੂਪ ਬਾਣੀ ਨੂੰ, ਇਸ ਗੁਰੂ ਰੂਪ ਅੰਮ੍ਰਿਤ ਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਸਤਿਗੁਰੂ ਪਦ ਪ੍ਰਾਪਤ ਹੈ। ਗੁਰਵਾਕ :-



www.AKJ.Org

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥
ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ॥
ਗੁਰ ਕਿਰਪਾ ਤੇ ਪਾਈਅਨਿ ਜੇ ਦੇਵੈ ਦੇਵਣਹਾਰੁ॥
ਸਚਾ ਸਉਦਾ ਲਾਭੁ ਸਦਾ ਖਟਿਆ ਨਾਮੁ ਅਪਾਰੁ॥
ਵਿਖੁ ਵਿਚਿ ਅੰਮ੍ਰਿਤੁ ਪ੍ਰਗਟਿਆ ਕਰਮਿ ਪੀਆਵਣਹਾਰੁ॥
ਨਾਨਕ ਸਚੁ ਸਲਾਹੀਐ ਧੰਨੁ ਸਵਾਰਣਹਾਰ॥੨॥(੧੦)

(ਮ: ੩, ਵਾਰ ਸੋਰਠਿ ਮ: ੪, ਪੰਨਾ ੬੪੬)

ਇਹ ਗੁਰਵਾਕ ਨਿਸਚਾ ਦਿਵਾਉਂਦਾ ਹੈ ਕਿ ਸ਼ਬਦ ਸਿਮਰਨ ਦਾ ਸੱਚਾ ਸਉਦਾ ਇਕੋ ਸੱਚੀ ਗੁਰ-ਹੱਟ (ਟਕਸਾਲ) ਤੋਂ ਮਿਲ ਸਕਦਾ ਹੈ। ਇਸ ਹੱਟ ਦਾ ਮਾਲਕ, ਗੁਰੂ ਸੱਚਾ ਪਾਤਸ਼ਾਹ, ਅੰਮ੍ਰਿਤ ਬਾਣੀ ਰੂਪੀ ਗੁਣਾਂ ਦਾ ਭਰਿਆ ਹੋਇਆ ਭੰਡਾਰ ਹੈ। ਇਸ ਗੁਰਬਾਣੀ ਬੋਹਿਥ ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਇਹਨਾਂ ਰਤਨ ਜਵਾਹਰ ਮਾਣਕਾਂ ਦੇ ਅਣਗਿਣਤ ਭੰਡਾਰੇ ਭਰੇ ਪਏ ਹਨ, ਪ੍ਰੰਤੂ ਗੁਰੂ ਦੀ ਕਿਰਪਾ ਦੁਆਰਾ ਹੀ ਪਾਈਦੇ ਹਨ। ਜਿਸਨੂੰ ਆਪ ਦੇਵਣਹਾਰ ਦਾਤਾਰ ਦੇਵੇ ਤਿਸ ਨੂੰ ਹੀ ਇਹ ਰੱਬੀ ਦਾਤਿ ਮਿਲਦੀ ਹੈ। ਇਹੋ ਸਿਮਰਨ ਦਾਤਿ ਵਾਲਾ ਸਉਦਾ ਹੀ ਸੱਚਾ ਲਾਭਕਾਰੀ ਸਉਦਾ ਹੈ। ਖਟਣ ਯੋਗ ਅਪਾਰ ਸਉਦਾ ਇਹੀ ਹੈ, ਜਿਸ ਸਉਦੇ ਦੇ ਵਿਹਾਜਣ ਕਰਿ ਵਿਖ ਵਿਚੋਂ ਹੀ ਅੰਮ੍ਰਿਤ ਉੱਗਵ ਆਉਂਦਾ ਹੈ। ਤਾਂ ਤੇ ਸਿਮਰਨ ਦੀ ਦਾਤਿ ਨੂੰ ਸੰਭਾਲ ਕੇ ਵਰਤਣਾ ਚਾਹੀਦਾ ਹੈ। ਧੰਨ ਹੈ ਇਸ ਦਾਤਿ ਦੇ ਸੰਵਾਰਨ ਸੀਗਾਰਨਹਾਰਾ ਸਤਿ-ਗੁਰੂ ਦਾਤਾ ।

*ਸਤਿਗੁਰੂ ਦੀ ਸੱਚੀ ਸੁੱਚੀ ਪਛਾਣ-*

ਸਤਿਗੁਰੂ ਦੀ ਸੱਚੀ ਸੁੱਚੀ ਪਛਾਣ ਇਕ ਇਹ ਹੈ ਕਿ ਉਸ ਨੂੰ ਮਿਲ ਕੇ ਹਰਿਗੁਣ ਰਵੀਦੇ ਹਨ, ਹਰਿਗੁਣ ਧਾਰੀਦੇ ਸੰਵਾਰੀਦੇ ਹਨ। ਜਿਸ ਨੂੰ ਭੇਟਦਿਆਂ, ਜਿਸ ਦਾ ਦਰਸ਼ਨ ਪਰਸਦਿਆਂ ਗੁਣੀ ਅਕਾਲ ਪੁਰਖ ਦੀ ਗੁਣਾਂ ਰੂਪੀ ਗੁਰਬਾਣੀ ਦਾ ਅੰਮ੍ਰਿਤ ਰਸਾਉਣੀ ਪਾਰਸ ਪਰਸੀਦਾ ਹੈ, ਸੋਈ ਸਜਣ ਸੱਚਾ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ। ਜਦੋਂ ਭੀ ਇਸ ਗੁਰੂ ਪਾਤਸ਼ਾਹ ਨੂੰ ਪਰਸੋਗੇ ਤਦੋਂ ਹੀ ਇਸ ਦੁਆਰਿਓਂ ਅੰਮ੍ਰਿਤ ਬਾਣੀ ਦਾ ਸੋਮਾ ਹੀ ਸੰਚਤ ਹੋਵੇਗਾ। ਯਥਾ ਗੁਰਵਾਕ :-

ਭਾਈ ਰੇ ਮਿਲਿ ਸਜਣ ਹਰਿ ਗੁਣ ਸਾਰਿ॥
ਸਜਣੁ ਸਤਿਗੁਰੁ ਪੁਰਖੁ ਹੈ ਦੁਖੁ ਕਢੈ ਹਉਮੈ ਮਾਰਿ॥੧॥ ਰਹਾਉ॥.......
ਸਤਿਗੁਰ ਵਚਨੁ ਰਤੰਨੁ ਹੈ ਜੋ ਮੰਨੇ ਸੁ ਹਰਿ ਰਸੁ ਖਾਇ॥
ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ॥੨॥
ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ॥
ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ॥
ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ॥੩॥(੪॥੫॥੬੯॥

(ਸਿਰੀ ਰਾਗੁ ਮ: ੪, ਪੰਨਾ ੪੧)

ਸਤਿਗੁਰਿ ਪੁਰਖਿ ਮਿਲਾਇਆ ਇਕੋ ਸਜਣੁ ਸੋਇ॥

...॥੪॥੧॥੭੧॥ ਸਿਰੀ ਰਾਗੁ ਮ: ੫ ਘਰੁ ੧, ਪੰਨਾ ੪੨

ਸਤਿਗੁਰੂ, ਮੇਰੇ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ ਹੀ ਅੰਮ੍ਰਿਤ ਬਾਣੀ ਰੂਪੀ ਅਮੋਘ ਬਾਣ ਅਤੇ ਅਮੋਲਕ ਰਤਨ ਹਨ।

ਜਿਨ੍ਹਾਂ ਨੇ ਐਸੇ ਸਤਿਗੁਰੂ ਸਾਧ ਦਸੋਂ ਗੁਰੂ ਜੋਤਿ ਜਾਮਿਆਂ ਦੇ ਜ਼ਾਹਰਾ ਜ਼ਹੂਰ ਸਾਖਯਾਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਨਹੀਂ ਕੀਤਾ ਸੋ ਸਭ ਨਿਗੁਰੇ ਹਨ।



www.AKJ.Org

# ਨਿਮਰਤਾ

(ਪ੍ਰਿੰ:ਸੱਜਣ ਸਿੰਘ ਜੀ)

ਨਿਮਰਤਾ ਇੱਕ ਅਮੋਲਕ ਦੈਵੀ ਗੁਣ ਹੈ। ਜਿਸ ਜੀਵ ਤੇ ਉਤੇ ਨਦਰਿ ਰਹਿਮਤ ਹੋਵੇ, ਉਸ ਨੂੰ ਇਹ ਦਾਤ ਪ੍ਰਾਪਤ ਹੁੰਦੀ ਹੈ। ਦਾਤ ਮਿਲਦੀ ਹੈ, ਕਿਸੀ ਜੁਗਤਿ ਨਾਲ ਲਈ ਨਹੀਂ ਜਾਂਦੀ। ਉਨ੍ਹਾਂ ਲੋਕਾਂ ਦੀ ਗਿਣਤੀ ਜ਼ਿਆਦਾ ਹੈ, ਜਿਹੜੇ ਇਸ ਦੀ ਪ੍ਰਾਪਤੀ ਲਈ ਮੰਗ ਭੀ ਨਹੀਂ ਕਰਦੇ। ਕੋਈ ਵੀ ਆਪਣੀ ਹਉਮੈ ਦਾ ਤਿਆਗ ਨਹੀਂ ਕਰਨਾ ਚਾਹੁੰਦਾ। ਇਹ ਵੀ ਜ਼ਰੂਰੀ ਨਹੀਂ ਕਿ ਹਰੇਕ ਅਧੀਨਗੀ ਵਿੱਚ ਨਿਮਰਤਾ ਗੁਣ ਛੁਪਿਆ ਹੋਵੇ। ਬੁਜ਼ਦਿਲ, ਨਿਰਬਲ, ਨਿਤਾਣੇ ਦੀ ਨਿਮਰਤਾ ਸਾਕਾਰਥ ਨਹੀਂ ਹੁੰਦੀ ਕਿਉਂਕਿ ਅਧਿਕਤਰ ਇਹ ਉਸ ਦੀ ਮਜਬੂਰੀ ਹੁੰਦੀ ਹੈ। ਹਰੇਕ ਪ੍ਰਾਣੀ ਜੇ ਉਸ ਵਿਚ ਰੱਤੀ ਭਰ ਵੀ ਅਣਖ ਹੈ, ਉਹ ਨੌਕਰ ਹੋਵੇ ਜਾਂ ਗੁਲਾਮ ਹੋਵੇ, ਧੌਣ ਅਕੜਾ ਕੇ ਚਲਣਾ ਚਾਹੁੰਦਾ ਹੈ ਪਰ ਉਸ ਦੀ ਲਾਚਾਰੀ ਇਉਂ ਕਰਨ ਨਹੀਂ ਦਿੰਦੀ। ਨਿਮਰਤਾ ਦਾ ਗੁਣ ਸਤਾਣਿਆ ਦੀ ਮਲਕੀਅਤ ਹੈ, ਜਿਹੜੇ ਤਾਣ ਹੁੰਦਿਆਂ ਨਿਤਾਣੇ ਬਣ ਕੇ ਰਹਿੰਦੇ ਹਨ। ਮਾਣ ਹੁੰਦਿਆਂ ਨਿਮਾਣਾ ਹੋਣਾ ਤੇ ਮਤਿ ਹੁੰਦਿਆ ਇਆਣਾ ਬਣ ਕੇ ਰਹਿਣਾ ਸੱਚੀ ਸੁੱਚੀ ਨਿਮਰਤਾ ਦਾ ਪ੍ਰਗਟਾਵਾ ਹੈ।

ਨਿਮਰਤਾ ਦਾ ਭਾਵ ਆਪਣੀ ਹੇਠੀ ਕਰਾਉਣਾ ਬਿਲਕੁਲ ਨਹੀਂ। ਭਗਤ ਜਨ ਨਾ ਕਿਸੇ ਦੇ ਭੈ ਵਿਚ ਨਾ ਦਬਾਉ ਵਿੱਚ ਆਉਂਦੇ ਹਨ। ਲੋਭ ਤੋਂ ਉਹ ਮੁਕਤ ਹੁੰਦੇ ਹਨ। ਇਸ ਕਰਕੇ ਉਹ ਸਦਾ ਅਝੁਕ, ਅਚੱਲ ਤੇ ਅਟੱਲ ਰਹਿੰਦੇ ਹਨ। ਉਨ੍ਹਾਂ ਦੀ ਅਧੀਨਗੀ ਕਹਿਲਾਉਂਦੀ ਹੈ। ਭਗਤ ਫਰੀਦ ਜੀ ਦੇ ਬਚਨ ਹਨ।

ਮਤਿ ਹੋਦੀ ਹੋਇ ਇਆਣਾ॥ ਤਾਣ ਹੋਦੇ ਹੋਇ ਨਿਤਾਣਾ॥
ਅਣਹੋਦੇ ਆਪੁ ਵੰਡਾਏ॥ ਕੋ ਐਸਾ ਭਗਤੁ ਸਦਾਏ॥(੧੩੮੪)

ਗੁਰਦੇਵ ਜੀ ਨੇ ਸਾਨੂੰ ਕਿਸੇ ਜ਼ਾਲਮ, ਨਿਰਦਈ, ਸਾਕਤ ਪੁਰਸ਼ ਅੱਗੇ ਝੁੱਕਣ ਦਾ ਕਤਈ ਉਪਦੇਸ਼ ਨਹੀਂ ਦਿੱਤਾ। ਦਸਾਂ ਨਹੁੰਆਂ ਦੀ ਕਮਾਈ ਕਰਕੇ ਲੋੜਵੰਦਾਂ ਨੂੰ ਹਥਹੁ ਦੇ ਕੇ ਭਲਾ ਮਨਾਉਣ ਦੀ ਜੁਗਤੀ ਦੱਸੀ ਕਿ ਕੋਈ ਗੁਰਸਿੱਖ ਦਲਿੱਦਰੀ ਤੇ ਆਲਸੀ ਨ ਬਣੇ, ਦੂਜਿਆਂ ਤੇ ਭਾਰ ਨ ਹੋਵੇ ਤੇ ਆਤਮਕ ਪੰਧ ਤੇ ਚੱਲਣ ਦਾ ਅਧਿਕਾਰੀ ਬਣੇ। ਸਤਿਗੁਰੂ ਨਾਨਕ ਦੇਵ ਜੀ ਆਪ ਸਾਰੀ ਉਮਰ ਅਝੁੱਕ ਰਹੇ, ਪਰ ਹਉਮੈ ਨੂੰ ਨਿਕਟ ਨ ਫਟਕਣ ਦਿੱਤਾ, ਹੰਕਾਰੀਆਂ ਨੂੰ ਨਾਮ, ਗਿਆਨ ਤੇ ਨਿਮਰਤਾ ਦੁਬਾਰਾ ਝੁਕਾਇਆ, ਪੰਡਤਾਂ ਦੀ ਵਿਦਵਤਾ ਦਾ ਜਵਾਬ ਨਿਮਰਤਾ ਦੁਆਰਾ ਦਿੱਤਾ, ਕਾਜ਼ੀਆਂ ਨੂੰ ਯੁਕਤੀ ਤੇ ਸਹਜ ਦੁਆਰਾ ਨਿਰੁੱਤਰ ਕੀਤਾ ਪਰ ਆਪਣੀ ਆਤਮਕ ਸ਼ਕਤੀ ਨੂੰ ਫੋਕਟ ਦਿਖਾਵਾ ਤੇ ਮਾਣ-ਮੱਤੀ ਵਡਿਆਈ ਤੋਂ ਨਿਰਲੇਪ ਰੱਖਿਆ। ਭਾਈ ਗੁਰਦਾਸ ਜੀ ਨੇ ਨਿਮਰਤਾ ਦਾ ਭਾਵ ਇਸ ਪਉੜੀ ਦੁਆਰਾ ਦ੍ਰਿਸਟਾਇਆ ਹੈ।

ਹਉ ਤਿਸੁ ਵਿਟਹੁ ਵਾਰਿਆ ਹੋਦੇ ਤਾਣਿ ਜੁ ਹੋਇ ਨਿਤਾਣਾ॥
ਹਉ ਤਿਸੁ ਵਿਟਹੁ ਵਾਰਿਆ ਹੋਦੇ ਮਾਣਿ ਜੁ ਰਹੈ ਨਿਮਾਣਾ॥
ਹਉ ਤਿਸੁ ਵਿਟਹੁ ਵਾਰਿਆ, ਛੋਡਿ ਸਿਆਣਪ ਹੋਇ ਇਆਣਾ॥
ਹਉ ਤਿਸੁ ਵਿਟਹੁ ਵਾਰਿਆ, ਖਸਮੈ ਦਾ ਭਾਵੈ ਜਿਸੁ ਭਾਣਾ।
ਹਉ ਤਿਸੁ ਵਿਟਹੁ ਵਾਰਿਆ, ਗੁਰਮੁਖਿ ਮਾਰਗੁ ਦੇਖਿ ਲੁਭਾਣਾ।
ਹਉ ਤਿਸੁ ਵਿਟਹੁ ਵਾਰਿਆ ਚਲਣ ਜਾਣਿ ਜੁਗਤਿ ਮਿਹਮਾਣਾ।
ਦੀਨ ਦੁਨੀ ਦਰਗਹਿ ਪਰਵਾਣਾ॥ ੧੨/੩

ਭਾਈ ਸਾਹਿਬ ਜੀ ਨੇ ਕੇਵਲ ਨਿਮਰਤਾ ਵਿੱਚ ਰਹਿਣ ਦਾ ਹੀ ਨਹੀਂ, ਗੁਰਮਤਿ ਮਾਰਗ ਤੇ ਚੱਲਣ ਦਾ ਉਤਸ਼ਾਹ ਉਤਪੰਨ ਕਰਨ ਤੇ ਦੈਵੀ ਗੁਣ ਗ੍ਰਹਿਣ ਦਾ ਉਪਦੇਸ਼ ਭੀ ਦ੍ਰਿੜਾਇਆ ਹੈ।

ਹਉਮੈ ਦੇ ਰੋਗ ਅਲੱਗ ਅਲੱਗ ਰੂਪ ਵਿੱਚ ਵਿਆਪਦੇ ਹਨ ਤੇ ਸੰਸਾਰ ਦਾ ਕੋਈ, ਜੀਵ, ਫਿਰਕਾ, ਮੱਤ ਜਾਂ ਧਰਮ ਇਸ ਤੋਂ ਸੁਰਖਿਅਤ ਨਹੀਂ ਹੈ। ਪ੍ਰਮਾਤਮਾ ਇਨ੍ਹਾਂ ਤੋਂ ਬਚਾਵੇ, ਇਹ ਬਹੁਤ ਬੁਰੇ ਰੋਗ ਹਨ।


www.AKJ.Org

ਜਿੱਧਰ ਵੀ ਦ੍ਰਿਸਟੀ ਜਾਂਦੀ ਹੈ, ਇਸ ਦੀ ਪੀੜਾ ਵਿੱਚ ਹਰੇਕ ਗ੍ਰਸਤ ਹੈ। ਹਉਮੈ ਮਾਰਨ ਦੀ ਸੋਝੀ ਅੰਮ੍ਰਿਤ ਬਾਣੀ, ਗੁਰ ਉਪਦੇਸ਼ ਦੁਆਰਾ ਹੁੰਦੀ ਹੈ ਕਿ ਜੀਵਾਤਮਾ ਵਿੱਚ ਪਰਮਾਤਮਾ ਤੇ ਪਰਮਾਤਮਾ ਵਿਚ ਜੀਵਾਤਮਾ ਵਿਆਪਕ ਹੈ। ਪਾਵਨ ਹੁਕਮ ਹੈ।

ਭੈਰਉ ਅਸਟਪਦੀਆਂ ਮਹਲਾ ੧ ਘਰੁ ੨॥
ਆਤਮ ਮਹਿ ਰਾਮੁ ਰਾਮ ਮਹਿ ਆਤਮੁ ਚੀਨਸਿ ਗੁਰ ਬੀਚਾਰਾ॥
ਅੰਮ੍ਰਿਤ ਬਾਣੀ ਸਬਦਿ ਪਛਾਣੀ ਦੁਖ ਕਾਟੈ ਹਉ ਮਾਰਾ॥੧॥
ਨਾਨਕ ਹਉਮੈ ਰੋਗ ਬੁਰੇ॥ ਜਹ ਦੇਖਾਂ ਤਹ ਏਕਾ ਬੇਦਨ ਆਪੇ ਬਖਸੈ ਸਬਦਿ ਧੁਰੇ॥.....(੧੧੫੩)

ਰਾਜ, ਮਾਲ, ਧਨ, ਰੂਪ ਜੁਆਨੀ, ਗਿਆਨ, ਧਿਆਨ ਤੇ ਵਿਦਵੱਤਾ ਦਾ ਹੰਕਾਰ ਤੇ ਰਸਨਾ ਦੁਆਰਾ ਕੌੜੇ ਫਿੱਕੇ, ਚੁੱਭਣ ਵਾਲੇ ਬਚਨ, ਦੂਜੇ ਨੂੰ ਛੁਟਿਆਉਣ ਤੇ ਸ਼ਰਮਿੰਦਾ ਕਰ ਕੇ ਸ੍ਵੈ ਸਤਿਕਾਰ ਨੂੰ ਠੇਸ ਪਹੁੰਚਾਉਣ ਵਾਲੇ ਬੋਲ ਆਦਿਕ ਸਭਨਾਂ ਦਾ ਮੂਲ ਮਨ ਦਾ ਹੰਕਾਰ ਹੈ। ਜਿਸ ਦਾ ਮਨ ਰੋਗੀ ਹੈ, ਉਸ ਦੇ ਬਾਹਰਲੇ ਇਲਾਜ ਅੰਜਾਈ ਜਾਂਦੇ ਹਨ ਕਿਉਂਕਿ ਹੰਕਾਰ ਆਪਣਾ ਰੂਪ ਪਲਟਾਉਣ ਵਿਚ ਬਹੁਤ ਨਿਪੁੰਨ ਹੈ। ਕਉੜੇ ਬਚਨ ਅਲਾਪਣ ਵਾਲੇ ਨੂੰ ਸਮਝਾਈਏ ਤਾਂ ਉਹ ਕਪਟੀ ਬਣ ਸਕਦਾ ਹੈ। ਹੰਕਾਰੀ ਪੁਰਸ਼ ਨੂੰ ਜ਼ਬਰਦਸਤੀ ਦਬਾਉਣ ਦਾ ਯਤਨ ਕਰੀਏ ਜਾਂ ਨਿਵਾਉਣ ਦੀ ਜੁਗਤੀ ਵਰਤੋਂ ਵਿਚ ਲਿਆਈਏ ਤਾਂ ਉਸ ਦੇ ਮਨ ਅੰਦਰ ਕਿੜ ਕੱਢਣ ਦੀ ਭਾਵਨਾ ਉਤਪੰਨ ਹੋ ਸਕਦੀ ਹੈ।

ਨਿਮਰਤਾ ਵੀ ਸ਼ੁੱਧ ਰੂਪ ਵਿੱਚ ਘੱਟ ਹੀ ਦੇਖਣ ਵਿਚ ਆਉਂਦੀ ਹੈ। ਇਸ ਵਿੱਚ ਨਿੱਜੀ ਸੁਆਰਥ ਦਾ ਬਹੁਤ ਅੰਸ਼ ਹੁੰਦਾ ਹੈ। ਲਾਲਚ ਲਈ ਕਿਸੀ ਵਸਤੂ ਦੀ ਪ੍ਰਾਪਤੀ ਲਈ, ਆਪਣੀ ਗੱਲ ਮਨਾਉਣ ਲਈ, ਲੋਕਾਂ ਸਾਹਮਣੇ ਆਪਣੇ ਆਪ ਨੂੰ ਚੰਗਾ ਸਿੱਧ ਕਰਨ ਲਈ, ਕੋਈ ਖਾਸ ਮੌਕਾ ਸੰਭਾਲਣ ਲਈ ਜਾਂ ਕਿਸੇ ਵਿਸ਼ੇਸ਼ ਵਿਅਕਤੀ ਨੂੰ ਪ੍ਰਸੰਨ ਕਰਨ ਲਈ ਦਿਖਾਵੇ ਦੀ ਨਿਮਰਤਾ ਦਾ ਸਹਾਰਾ ਲਿਆ ਜਾਂਦਾ ਹੈ। ਜਿੰਨਾਂ ਚਿਰ ਮਨ ਵਿੱਚ ਨਿਮਰਤਾ ਸਥਾਈ ਰੂਪ ਵਿਚ ਨਹੀਂ ਟਿਕਦੀ, ਬੰਦੇ ਦੀ ਅਸਲੀਅਤ ਜਿਹੜੀ ਬਾਂਸ ਵਾਂਗਰ ਖੋਖਲੀ, ਸੁਗੰਧ-ਰਹਿਤ ਤੇ ਔਗੁਣਾਂ ਦੀਆਂ ਗੰਢਾਂ ਵਾਂਗਰ ਹੈ। ਦਾ ਪਰਦਾ ਫਾਸ਼ ਹੁੰਦਾ ਰਹੇਗਾ। ਸਭ ਰੋਗਾਂ ਦੀ ਜੜ੍ਹ ਮਨ ਦਾ ਰੋਗੀ ਹੋਣਾ ਹੈ। ਜੇ ਮਨ ਮੈਲਾ ਹੈ ਤਾਂ ਸਾਰਾ ਤਨ ਮੈਲਾ ਹੈ। ਪਾਵਨ ਹੁਕਮ ਹੈ।

ਮਨਿ ਮੈਲੇ ਸਭ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥
ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ॥ (ਵਡਹੰਸ ਮਹਲਾ ੩ ਪੰਨਾ ੫੫੮)

ਅੱਗ ਦਾ ਸੁਭਾਉ ਉੱਪਰ ਜਾਣ ਦਾ, ਪਾਣੀ ਦਾ ਥੱਲੇ ਆਉਣ ਦਾ ਹੈ। ਇਉਂ ਅਗਨੀ ਹੰਕਾਰੀ ਪੁਰਸ਼ ਦੀ ਸੰਗੀ ਸਾਥੀ ਹੈ। ਜਦ ਕਿ ਜਲ ਨੀਵੇਂ ਪਾਸੇ ਆਉਣ ਕਰਕੇ ਨਿਮਰਤਾ ਦਾ ਸੂਚਕ ਹੈ। ਜਦ ਮੀਂਹ ਪੈਂਦਾ ਹੈ ਤਾਂ ਪਾਣੀ ਉੱਚਿਆ ਟਿੱਬਿਆਂ ਤੇ ਨਹੀਂ ਟਿਕਦਾ ਤੇ ਉਹ ਸਾਰਾ ਪਾਣੀ ਨੀਵੀਂ ਜਗ੍ਹਾ ਤੇ ਆ ਜਾਂਦਾ ਹੈ। ਇਸ ਦ੍ਰਿਸ਼ਟਾਂਤ ਨੂੰ ਸਾਹਮਣੇ ਰੱਖਦਿਆਂ ਗੁਰਦੇਵ ਜੀ ਫੁਰਮਾਉਂਦੇ ਹਨ ਕਿ ਧਨ, ਜੋਬਨ ਤੇ ਵਡਿਆਈਆਂ ਦਾ ਹੰਕਾਰ ਕਰਨ ਵਾਲੇ ਪੁਰਸ਼ ਜਿਹੜੇ ਆਪਣੇ ਆਪ ਨੂੰ ਟੀਸੀਆਂ ਸਮਾਨ ਸਮਝਦੇ ਹਨ, ਅਕਾਲ ਪੁਰਖ ਦੀ ਰੱਬੀ ਬਖਸ਼ਸ਼ ਦੇ ਬਾਵਜੂਦ ਨਾਮ ਜਲ ਤੋਂ ਕੋਰੇ ਰਹਿੰਦੇ ਹਨ।

ਮਹਲਾ ੫॥ ਫਰੀਦਾ ਗਰਬੁ ਜਿਨ੍ਾ ਵਡਿਆਈਆ ਧਨਿ ਜੋਬਨਿ ਆਗਾਹ॥
ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ॥ (੧੩੮੩)

ਇਸ ਦੇ ਵਿਪਰੀਤ ਰਹਿਮਤ ਉਸ ਹਿਰਦੇ ਵਿੱਚ ਟਿਕਦੀ ਹੈ ਜਿਸ ਵਿੱਚ ਨਿਮਰਤਾ ਕੁੱਟ ਕੁੱਟ ਕੇ ਭਰੀ ਹੋਵੇ। ਹੰਕਾਰੀ ਪੁਰਸ਼ ਦਾ ਬਾਹਰਲਾ ਫੈਲਾਉ ਵੱਡਾ ਆਧਾਰ ਛੋਟਾ ਤੇ ਦਾਮਨ ਕਮਜ਼ੋਰ ਹੁੰਦਾ ਹੈ। ਪਰ ਮਸਕੀਨ ਪੁਰਸ਼ ਦਾ ਆਧਾਰ, ਸਤਿਗੁਰੂ ਦੀ ਓਟ ਹੋਣ ਕਰਕੇ ਵੱਡਾ ਤੇ ਫੈਲਾਉ ਵਾਲਾ, ਤੇ ਦਾਮਨ ਮਜਬੂਤ ਹੁੰਦਾ ਹੈ, ਇਸ ਕਰਕੇ ਗੁਰ ਸਤਿਗੁਰ ਦੇ ਬਚਨਾਂ ਨੂੰ ਜਰਨ ਤੇ ਬਖਸ਼ਸ਼ ਨੂੰ ਸੰਭਾਲਣ ਦੀ ਸ਼ਕਤੀ ਅਧਿਕ ਹੁੰਦੀ ਹੈ

ਕੁੱਝ ਸਰੀਰਕ ਰੋਗ ਐਸੇ ਹਨ ਜਿਨ੍ਹਾਂ ਦੇ ਨਿਵਾਰਨ ਲਈ ਸਾਧਾਰਨ ਦੁਆਈ ਨਹੀਂ, ਉਸ ਨੂੰ ਸੂਖਸ਼ਮ


www.AKJ.Org

ਰੂਪ ਵਿੱਚ ਬਦਲ ਕੇ ਪ੍ਰਯੋਗ ਵਿੱਚ ਲਿਆਇਆ ਜਾਂਦਾ ਹੈ। ਏਹੋ ਹਾਲਤ ਹਉਮੈ ਤੇ ਹੰਕਾਰ ਦੀ ਹੈ। ਨਾਮ ਦੀ ਪ੍ਰਾਪਤੀ ਹਉਮੈ ਨਾਲ ਨਹੀਂ, ਨਿਮਰਤਾ ਨਾਲ ਹੁੰਦੀ ਹੈ ਜਿਉਂ ਰੇਤ ਵਿੱਚ ਬਿਖਰੀ ਖੰਡ ਨੂੰ ਚੁਣ ਕੇ ਇਕੱਠਾ ਕਰਨਾ ਹੰਕਾਰੀ ਹਾਥੀ ਦਾ ਕੰਮ ਨਹੀਂ, ਕੀੜੀ ਦਾ ਕੰਮ ਹੈ। ਭਗਤ ਕਬੀਰ ਜੀ ਨਿਮਰਤਾ ਦੀ ਸ੍ਰੇਸਟਤਾ ਦ੍ਰਿਸ਼ਟਾਉਣ ਲਈ ਅਤੀ ਸੁੰਦਰ ਤੇ ਢੁੱਕਵਾਂ ਵਿਚਾਰ ਪੇਸ਼ ਕਰਦੇ ਹਨ।

ਹਰਿ ਹੈ ਖਾਂਡੁ ਰੇਤੁ ਮਹਿ ਬਿਖਰੀ ਹਾਥੀ ਚੁਨੀ ਨ ਜਾਇ॥
ਕਹਿ ਕਬੀਰ ਗੁਰਿ ਭਲੀ ਬੁਝਾਈ ਕੀਟੀ ਹੋਇ ਕੈ ਖਾਇ॥ ੨੩੮(੧੩੭੭)

ਭਗਤ ਕਬੀਰ ਜੀ ਨੇ ਪ੍ਰਭੂ ਪ੍ਰਾਪਤੀ ਲਈ ਨਿਮਰਤਾ ਦੀਆਂ ਕੁੱਝ ਮਿਸਾਲਾਂ ਦਿੱਤੀਆਂ ਹਨ। ਆਪ ਕਹਿੰਦੇ ਹਨ ਕਿ ਐ ਜੀਵ ਤੂ ਚਰਣ ਕਮਲ ਨੂੰ ਪਰਸਨ ਲਈ ਰਾਸਤੇ ਦਾ ਰੋੜਾ ਬਣ ਜਾ। ਫਿਰ ਆਪ ਹੀ ਕਹਿੰਦੇ ਹਨ ਕਿ ਰੋੜਾ ਤਾਂ ਰਾਹੀਂ ਨੂੰ ਦੁੱਖ ਦਿੰਦਾ ਹੈ ਤੂੰ ਚਰਣਾਂ ਦੀ ਧੂੜੀ ਬਣ ਜਾ। ਫਿਰ ਕਹਿੰਦੇ ਹਨ ਕਿ ਖੇਹ ਉੱਡ ਕੇ ਰਾਹੀ ਦੇ ਸਰੀਰ ਤੇ ਪੈਂਦੀ ਹੈ ਤੇ ਤੂੰ ਉੱਡਣ ਵਾਲਾ ਪਾਣੀ ਬਣ ਜਾ। ਫਿਰ ਆਪ ਹੀ ਦੱਸਦੇ ਹਨ ਕਿ ਜਲ ਵੀ ਤੱਤਾ ਠੰਢਾ ਹੋ ਜਾਂਦਾ ਹੈ। ਅੰਤ ਵਿੱਚ ਨਿਰਨਾ ਕਰਦੇ ਹਨ ਕਿ ਤੂੰ ਪ੍ਰਭੂ ਜੈਸਾ ਹੀ ਬਣ ਜਾ ਕਿਉਂਕਿ ਸੰਸਾਰ ਦੇ ਕਿਸੇ ਵੀ ਨਿਮਰਤਾ ਭਰਪੂਰ ਪਦਾਰਥ ਦਾ ਟਾਕਰਾ ਦੈਵੀ ਨਿਮਰਤਾ ਨਾਲ ਨਹੀਂ ਕੀਤਾ ਜਾ ਸਕਦਾ।

ਕਬੀਰ ਰੋੜਾ ਹੋਇ ਰਹੁ ਬਾਟ ਦਾ ਤਜਿ ਮਨ ਕਾ ਅਭਿਮਾਨੁ॥
ਐਸਾ ਕੋਈ ਦਾਸੁ ਹੋਇ ਤਾਹਿ ਮਿਲੈ ਭਗਵਾਨੁ॥ ੧੪੬॥
ਕਬੀਰ ਰੋੜਾ ਹੂਆ ਤ ਕਿਆ ਭਇਆ ਪੰਥੀ ਕਉ ਦੁਖੁ ਦੇਇ॥
ਐਸਾ ਤੇਰਾ ਦਾਸੁ ਹੈ ਜਿਉ ਧਰਨੀ ਮਹਿ ਖੇਹ॥ ੧੪੭॥
ਕਬੀਰ ਖੇਹ ਹੂਈ ਤਉ ਕਿਆ ਭਇਆ ਜੋ ਉਡਿ ਲਾਗੈ ਅੰਗ॥
ਹਰਿ ਜਨੁ ਐਸਾ ਚਾਹੀਐ ਜਿਉ ਪਾਨੀ ਸਰਬੰਗ॥ ੧੪੮॥
ਕਬੀਰ ਪਾਨੀ ਹੂਆ ਤ ਕਿਆ ਭਇਆ ਸੀਰਾ ਤਾਤਾ ਹੋਇ॥
ਹਰਿ ਜਨ ਐਸਾ ਚਾਹੀਐ ਜੈਸਾ ਹਰਿ ਹੀ ਹੋਇ॥ ੧੪੯ (੧੩੭੨)

ਦੂਜੇ ਦੇ ਚਰਨਾਂ ਤੇ ਸੀਸ ਨਿਵਾਉਣਾ ਕਿਸੇ ਖਾਸ ਪ੍ਰਯੋਜਨ ਲਈ ਜਾਂ ਭਉ-ਭਾਉ ਦੀ ਭਾਵਨਾ ਸਹਿਤ ਹੁੰਦਾ ਹੈ, ਐਵੇਂ ਨਹੀਂ। ਉਂਜ ਤਾਂ ਸੰਸਾਰੀ ਜੀਵ ਆਪਣੇ ਮਾਤਾ ਪਿਤਾ ਤੇ ਬਜ਼ੁਰਗਾਂ ਦੇ ਚਰਨਾਂ ਤੇ ਸੀਸ ਨਿਵਾਉਂਦੇ ਹਨ ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ 'ਪੈਰੀ ਪਵਣਾ ਜਗਿ ਵਰਤਾਇਆ' ਇੱਕ ਵਿਲੱਖਣ ਰੀਤਿ ਦਾ ਮੁੱਢ ਸੀ। ਗੁਰਦੇਵ ਜੀ ਨੇ ਹੰਕਾਰ ਦਾ ਰੋਗ ਨਿਵਾਰਨ ਤੇ ਨਿਮਰਤਾ ਗ੍ਰਹਿਣ ਕਰਾਉਣ ਲਈ ਉੱਚਿਆ ਨੂੰ ਨੀਵਿਆਂ ਦੇ ਦਰ ਤੇ ਝੁਕਾਇਆ। ਸਿਰ ਸਭ ਤੋਂ ਉੱਚਾ ਤੇ ਚਰਨ ਸਭ ਤੋਂ ਨੀਵੇਂ ਹੁੰਦੇ ਹਨ ਪਰ ਬੰਦਾ ਉਨ੍ਹਾਂ ਚਰਨਾਂ ਤੇ ਝੁਕਦਾ ਹੈ ਜਿਨ੍ਹਾਂ ਵਿੱਚ ਪੂਜਣ ਯੋਗ ਗੁਣ ਹੋਣ। ਇਨ੍ਹਾਂ ਗੁਣਾਂ ਦਾ ਵੇਰਵਾ ਹੇਠ ਲਿਖੀ ਪਉੜੀ ਵਿੱਚ ਦਿੱਤਾ ਗਿਆ ਹੈ।

ਸਿਰ ਉਚਾ ਨੀਵੇਂ ਚਰਣ ਸਿਰਿ ਪੈਰੀ ਪਾਂਦੇ।
ਮੁਹ ਅਖੀ ਨਕ ਕੰਨਹਥ ਦੇਹ ਭਾਰ ਉਚਾਂਦੇ।
ਸਭ ਚਿਹਨ ਛਡ ਪੂਜੀਅਨਿ ਕਉਣ ਕਰਮ ਕਮਾਂਦੇ।
ਗੁਰ ਸਰਣੀ ਸਾਧ ਸੰਗਤੀ ਨਿਤ ਚਲਿ ਚਲਿ ਜਾਂਦੇ
ਵਤਨਿ ਪਰਉਪਕਾਰ ਨੋ ਕਰਿ ਪਾਰ ਵਸਾਂਦੇ।
ਮੇਰੀ ਖਲਹੁ ਮਉਜੜੇ ਗੁਰਸਿਖ ਹੰਢਾਂਦੇ॥
ਮਸਤਕ ਲਗੇ ਸਾਧ ਰੇਣੁ ਵਡਭਾਗ ਜਿਨ੍ਹਾਂ ਦੇ॥ (ਭਾਈ ਗੁਰਦਾਸ ਜੀ ਵਾਰ ੯, ਪਉੜੀ ੧੮)

(ਬਾਕੀ ਪੰਨਾ ੧੨ ਤੇ ...)


www.AKJ.Org

# 'ਸ਼ਬਦ-ਗੁਰੂ' ਦਾ ਰਹੱਸ

(ਭਾਈ ਜੋਗਿੰਦਰ ਸਿੰਘ ਤਲਵਾੜਾ)

੧. ਸੰਸਾਰ ਦੇ ਤਕਰੀਬਨ ਸਾਰੇ ਹੀ ਧਰਮ 'ਸ਼ਬਦ' ਦੀ ਮਹਾਨਤਾ ਨੂੰ ਥੋੜ੍ਹੇ ਬਹੁਤ ਫ਼ਰਕ ਨਾਲ ਸਵੀਕਾਰ ਕਰਦੇ ਹਨ। ਹਰੇਕ ਧਰਮ ਦੇ ਅਨੁਯਾਈ ਆਪਣੇ-ਆਪਣੇ ਪੈਗ਼ੰਬਰ ਦਾ ਕਲਾਮ ਬੜੀ ਸ਼ਰਧਾ ਅਤੇ ਸਿਦਕਦਿਲੀ ਨਾਲ ਪੜ੍ਹਦੇ ਹਨ ਅਤੇ ਉਸ ਤੋਂ ਅਗਵਾਈ ਲੈਂਦੇ ਹਨ। ਪਰ ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਸਿੱਖ ਧਰਮ ਵਿਚ 'ਸ਼ਬਦ' ਦੀ ਵਿਲੱਖਣਤਾ ਅਤੇ ਮਹਾਨਤਾ ਸਾਰੇ ਧਰਮਾਂ ਤੋਂ ਵਧੇਰੇ ਹੈ। 'ਸ਼ਬਦ' ਸਿੱਖ-ਸਿਧਾਂਤ ਦਾ ਕੇਂਦਰੀ-ਬਿੰਦੂ ਹੈ ਅਤੇ ਸਿੱਖੀ ਜੀਵਨ ਦਾ ਆਧਾਰ ਹੈ।

੨. ਬਾਕੀ ਧਰਮਾਂ ਦੇ ਅਨੁਯਾਈਆਂ ਪਾਸ ਉਨ੍ਹਾਂ ਦੇ ਪੈਗ਼ੰਬਰ ਦਾ ਕਲਾਮ (ਸ਼ਬਦ) ਮੂਲ ਰੂਪ ਵਿਚ ਉਪਲਬਧ ਨਹੀਂ। ਪਰ ਸਿੱਖ ਧਰਮ ਨੂੰ ਇਹ ਗੌਰਵ ਹਾਸਲ ਹੈ ਕਿ ਉਸ ਦੇ ਵਾਰਸਾਂ ਪਾਸ ਸਤਿਗੁਰਾਂ ਵੱਲੋਂ ਸੰਚਿਤ ਕੀਤਾ ਅਤੇ ਬਖਸ਼ਿਆ ਸ਼ਬਦ-ਖ਼ਜ਼ਾਨਾ ਮੂਲ-ਰੂਪ ਵਿਚ ਪ੍ਰਾਪਤ ਹੈ।

੩. ਸ਼ਬਦ-ਬ੍ਰਹਮ ਦਾ ਸੰਕਲਪ ਭਾਵੇਂ ਕੁਝ ਕੁ ਭਾਰਤੀ ਧਰਮਾਂ ਵਿਚ ਕਾਫ਼ੀ ਪੁਰਾਣਾ ਹੈ, ਪਰ ਵਿਵਹਾਰਕ ਤੌਰ 'ਤੇ ਕਿਸੇ ਧਰਮ ਵਿਚੋਂ ਇਸ ਦਾ ਪ੍ਰਤੱਖ ਪ੍ਰਮਾਣ ਨਹੀਂ ਮਿਲਦਾ। ਇਸ ਦੇ ਮੁਕਾਬਲੇ 'ਤੇ ਸਿੱਖ ਧਰਮ ਵਿਚ ਸਿਧਾਂਤਕ ਅਤੇ ਵਿਵਹਾਰਕ, ਦੋਹਾਂ ਪੱਖਾਂ ਤੋਂ ਸ਼ਬਦ ਦੀ ਗੁਰਤਾ ਨੂੰ ਸਵੀਕਾਰ ਕੀਤਾ ਹੋਇਆ ਹੈ।

੪. ਵਿਚਾਰ ਅਧੀਨ ਲੇਖ ਦਾ ਮੰਤਵ ਗੁਰਬਾਣੀ ਵਿਚ ਵਰਤੇ 'ਸ਼ਬਦ' ਪਦ ਦੇ ਸੰਕਲਪ ਅਤੇ ਸ਼ਬਦ ਦੀ ਗੁਰਤਾ ਦੇ ਰਹੱਸ ਬਾਰੇ ਵਿਚਾਰ ਕਰਨਾ ਹੈ। ਇਹ ਵਿਚਾਰ ਅਤਿ ਲੋੜੀਂਦੀ ਹੈ ਤੇ ਸਿੱਖ ਸੰਸਥਾਵਾਂ ਨੂੰ ਸਮੇਂ-ਸਮੇਂ ਉਚੇਚੇ ਤੌਰ 'ਤੇ ਅਜਿਹਾ ਉਦਮ ਕਰਦੇ ਰਹਿਣਾ ਚਾਹੀਦਾ ਹੈ। ਇਸ ਤਰ੍ਹਾਂ ਸਿਧਾਂਤ ਬੇਹਾ ਨਹੀਂ ਹੁੰਦਾ, ਸਗੋਂ ਸਦਾ ਸੱਜਰਾ ਤੇ ਨਰੋਆ ਰਹਿੰਦਾ ਹੈ।

*'ਸ਼ਬਦ' ਦੀ ਪਰਿਭਾਸ਼ਾ :*

੫. 'ਸ਼ਬਦ' ਬਹੁ-ਅਰਥਕ ਪਦ ਹੈ ਅਤੇ ਗੁਰਬਾਣੀ ਵਿਚ ਵੱਖ-ਵੱਖ ਥਾਈਂ ਵੱਖ-ਵੱਖ ਅਰਥਾਂ ਵਿਚ ਵਰਤਿਆ ਮਿਲਦਾ ਹੈ :-

(ੳ) ਸ਼ਬਦ- ਆਵਾਜ਼ ,ਬੋਲ, ਨਾਦ, ਧੁਨੀ

ਚਾਤ੍ਰਿਕ 'ਸ਼ਬਦ' ਸੁਨਿ ਅਖੀਆਂ ਉਘਰ ਗਈ,
ਭਈ ਜਲ-ਮੀਨ ਗਤਿ, ਬਿਰਹ ਜਗਾਏ ਹੈ॥ ੨੦੫॥ (ਕਬਿੱਤ ਸਵੱਯੇ, ਭਾਈ ਗੁਰਦਾਸ ਜੀ)

(ਅ) ਸ਼ਬਦ- ਕੁਝ ਪਦਿਆਂ ਦਾ ਭਾਵ-ਸੰਗ੍ਰਹਿ

ਮਾਰੂ ਰਾਗ ਵਿਚ ਮਹਲਾ ੧ ਘਰੁ ੧ ਦੇ ਅੰਕ ਨੰਬਰ ੪॥੧॥ ਅਤੇ ੪॥੫॥ ਵਾਲੇ ਚਉਪਦਿਆਂ ਦੀਆਂ ਪਹਿਲੀਆਂ ਦੋ-ਦੋ ਤੁਕਾਂ ਦਾ ਸਿਰਲੇਖ 'ਸਲੋਕ' ਅਤੇ ਬਾਕੀ ਪਦਿਆਂ ਦਾ ਸਿਰਲੇਖ 'ਸ਼ਬਦ' ਹੈ।

(ੲ) ਸ਼ਬਦ-ਕੁਝ ਅੱਖਰਾਂ ਦਾ ਸਾਰਥਿਕ ਸੰਗ੍ਰਹਿ **(Word)**

ਵਿਆਕਰਣ ਵਿਚ ਕੁਝ ਅੱਖਰਾਂ ਅਤੇ ਲਗਾਂ ਦੇ ਸਾਰਥਕ ਸੰਗ੍ਰਹਿ ਨੂੰ ਵੀ 'ਸ਼ਬਦ' ਕਿਹਾ ਜਾਂਦਾ ਹੈ।

(ਸ) ਸ਼ਬਦ-ਪਰਸਪਰ ਗੱਲਬਾਤ, ਚਰਚਾ

-'ਸਬਦੈ' ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ॥ (ਪੰਨਾ ੯੪੬)
- ਸਬਦੈ ਹੀ ਭਗਤ ਜਾਪਦੇ ਜਿਨ ਕੀ ਬਾਣੀ ਸਚੀ ਹੋਇ॥ (ਪੰਨਾ ੪੨੯)

(ਹ) ਸ਼ਬਦ- ਧਰਮ, ਫਰਜ਼

ਜੋਗ 'ਸਬਦੰ' ਗਿਆਨ ਸਬਦੰ ਬੇਦ 'ਸਬਦੰ' ਤ ਬ੍ਰਾਹਮਣਹ ॥
ਖਤ੍ਰੀ 'ਸਬਦੰ' ਸੂਰ 'ਸਬਦੰ' ਸੂਦ੍ਰ 'ਸਬਦੰ' ਪਰਾਕ੍ਰਿਤਹ ॥ (ਪੰਨਾ ੧੩੫੩)

(ਕ) ਸ਼ਬਦ- ਜ਼ਿੰਦਗੀ ਦਾ ਰਸਤਾ ਜਾਂ ਤਰੀਕਾ

- ਗੁਰਮੁਖਿ ਸੇਵਾ ਘਾਲ ਜਿਨਿ ਘਾਲੀ॥ਤਿਸੁ ਘੜੀਐ 'ਸਬਦੁ' ਸਚੀ ਟਕਸਾਲੀ॥


www.AKJ.Org

-ਅੰਦਰਹੁ ਜਿਨ ਦਾ ਮੋਹੁ ਤੁਟਾ ਤਿਨ ਕਾ 'ਸਬਦੁ' ਸਚੈ ਸਵਾਰਿਆ॥ (ਪੰਨਾ ੬੧੭)

(ਖ) ਸ਼ਬਦ-ਸੁਨੇਹਾ

ਧਨ ਵਾਂਢੀ ਪਿਰੁ ਦੇਸ ਨਿਵਾਸੀ ਸਚੇ ਗੁਰ ਪਹਿ 'ਸਬਦੁ' ਪਠਾਈ॥ (ਪੰਨਾ ੧੨੭੩)

(ਗ) ਸ਼ਬਦ-ਬ੍ਰਹਮ

-ਸਭ ਇਕੋ ਸਬਦੁ ਵਰਤਦਾ ਜੋ ਕਰੇ ਸੁ ਹੋਈ॥ (ਪੰਨਾ ੬੫੪)

-ਤਿਹੁ ਲੋਕਾ ਮਹਿ 'ਸਬਦੁ' ਰਵਿਆ ਹੈ ਆਪੁ ਗਇਆ ਮਨੁ ਮਾਨਿਆ॥(ਪੰਨਾ ੩੫੧)

(ਘ) ਸ਼ਬਦ-ਗੁਰ ਉਪਦੇਸ਼

'ਸਬਦੇ' ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ॥

ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ॥(ਪੰਨਾ ੬੪੪)

(ਙ) ਸ਼ਬਦ- ਹੁਕਮ, ਵਿਆਪਕ-ਸਤਾ

ਉਤਪਤਿ ਪਰਲਉ 'ਸਬਦੇ ਹੋਵੈ॥ ਸਬਦੇ ਹੀ ਫਿਰਿ ਓਪਤਿ ਹੋਵੈ॥(ਪੰਨਾ ੧੧੭)

(ਚ) ਸ਼ਬਦ -ਗੁਰ-ਮੰਤਰ, ਗੁਰ-ਦੀਖਿਆ, ਨਾਮ

ਸਤਿਗੁਰ 'ਸਬਦੁ' ਦੇਇ' ਰਿਦ ਅੰਤਰਿ ਮੁਖਿ ਅੰਮ੍ਰਿਤੁ ਨਾਮੁ ਚੁਆਵੈਗੋ॥ (ਪੰਨਾ ੧੩੧੦)

(ਛ) ਸ਼ਬਦ-ਗੁਰੂ

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥ (ਪੰਨਾ ੬੩੫)

੫.੨ 'ਸ਼ਬਦ' ਪਦ ਦੇ ਉਪਰੋਕਤ ਅਰਥਾਂ ਦਾ ਸਮੁੱਚੇ ਤੌਰ 'ਤੇ ਸਾਰੰਸ਼ ਇਹ ਹੈ ਕਿ 'ਸ਼ਬਦ' ਹੀ ਬ੍ਰਹਮ ਹੈ, 'ਸ਼ਬਦ' ਹੀ ਬ੍ਰਹਮ-ਸਤਾ ਅਥਵਾ ਹੁਕਮ ਹੈ, 'ਸ਼ਬਦ' ਹੀ ਗੁਰਮੰਤਰ, ਗੁਰਦੀਖਿਆ ਅਥਵਾ ਨਾਮ ਹੈ, ਸ਼ਬਦ ਹੀ ਗੁਰ-ਉਪਦੇਸ਼ ਅਥਵਾ ਗੁਰੂ-ਗਿਆਨ ਹੈ ਅਤੇ 'ਸ਼ਬਦ' ਹੀ ਗੁਰੂ ਹੈ।

੫.੩ ਸ਼ਬਦ-ਬ੍ਰਹਮ ਨੇ ਸਾਰੀ ਪ੍ਰਕਿਰਤੀ ਸ਼ਬਦ ਦੁਆਰਾਂ ਰਚੀ ਹੈ, ਪ੍ਰਕਿਰਤੀ ਦੀ ਸਾਰੀ ਖੇਡ ਸ਼ਬਦ ਦੁਆਰਾ ਹੀ ਚਲ ਰਹੀ ਹੈ ਅਤੇ ਸ਼ਬਦ ਦੁਆਰਾ ਹੀ ਇਹ ਜਗਤ-ਖੇਡ ਸਮੇਟੀ ਜਾਂਦੀ ਹੈ। ਭਾਵ ਇਹ ਹੈ ਕਿ ਨਿਰਗੁਣ-ਬ੍ਰਹਮ ਦੇ ਸਰਗੁਣੀ ਜ਼ਹੂਰ (ਪ੍ਰਕਾਸ਼) ਦਾ ਮਾਧਿਅਮ 'ਸ਼ਬਦ' ਹੈ। ਦੂਜੇ ਪਾਸੇ ਸਰਗੁਣੀ ਜੀਵਾਂ ਨੂੰ 'ਨਿਰਗੁਣ-ਬ੍ਰਹਮ' ਵਿਚ ਲੀਨ ਕਰਨ ਲਈ ਵੀ 'ਸ਼ਬਦ' ਹੀ ਵਸੀਲਾ ਹੈ; ਯਥਾ ਗੁਰਵਾਕ :

ਅਦ੍ਰਿਸਟੁ ਅਗੋਚਰੁ ਪਕੜਿਆ 'ਗੁਰ ਸਬਦੀ' ਹਉ ਸਤਿਗੁਰ ਕੈ ਬਲਿਹਾਰੀਐ॥ (ਪੰਨਾ ੧੧੧੪)

੫.੪ 'ਸ਼ਬਦ' ਅਤੇ 'ਨਾਮ' ਪ੍ਰਾਯ-ਵਾਚੀ ਪਦ ਹਨ ਅਤੇ ਗੁਰਦੀਖਿਆ (ਗੁਰਮੰਤਰ) ਵੱਲ ਸੰਕੇਤ ਕਰਦੇ ਹਨ ਪਰ ਗੁਰਬਾਣੀ ਵਿਚ ਕਈ ਥਾਈਂ 'ਨਾਮ' ਅਤੇ 'ਸ਼ਬਦ' ਦੋਵੇਂ ਪਦ ਇਕੱਠੇ ਵਰਤੇ ਮਿਲਦੇ ਹਨ, ਜਿਵੇਂ :

(ੳ) ਗੁਰਮਤੀ ਘਟਿ ਚਾਨਣਾ ਸਬਦਿ ਮਿਲੈ ਹਰਿ ਨਾਉ॥ (ਪੰਨਾ ੩੦)

(ਅ) ਸਾਚਾ ਨਾਮੁ ਸਾਚੈ ਸਬਦਿ ਜਾਨੈ॥ (ਪੰਨਾ ੮੩੩)

(ੲ) ਨਾਮ ਨਿਧਾਨ ਤਿਸਹਿ ਪਰਾਪਤਿ ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ॥ (ਪੰਨਾ ੧੦੧)

ਉਪਰੋਕਤ ਤੁਕਾਂ ਵਿਚ 'ਨਾਮੁ' ਪਦ ਗੁਰਮੰਤਰ ਅਥਵਾ ਗੁਰਦੀਖਿਆ ਦਾ ਵਾਚਕ ਹੈ ਅਤੇ 'ਸ਼ਬਦ' ਪਦ ਗੁਰ-ਉਪਦੇਸ਼ ਅਥਵਾ ਗੁਰ-ਸਿੱਖਿਆ ਵੱਲ ਸੰਕੇਤ ਕਰਦਾ ਹੈ। ਦੀਖਿਆ ਜੀਵਨ ਵਿਚ ਕੇਵਲ ਇਕੋ ਵਾਰੀ ਦਿੱਤੀ ਜਾਂਦੀ ਹੈ, ਸਿੱਖਿਆ ਨਿਤਾਪ੍ਰਤੀ ਮਿਲਦੀ ਹੈ।

*੬. ਸ਼ਬਦ-ਗੁਰੂ*

ਸਿੱਖ ਧਰਮ ਦੇ ਅਰੰਭ-ਕਾਲ ਤੋਂ ਹੀ ਸ਼ਬਦ ਦੀ ਗੁਰਤਾ ਦਾ ਸਿਧਾਂਤ ਦ੍ਰਿੜ੍ਹ ਕਰਵਾਇਆ ਗਿਆ ਹੈ। ਗੁਰਬਾਣੀ ਤੋਂ ਸੋਝੀ ਮਿਲਦੀ ਹੈ ਕਿ ਨਿਰਗੁਣ-ਬ੍ਰਹਮ ਨੇ ਆਪਣਾ ਸ਼ਬਦ-ਆਪਾ ਗੁਰੂ ਨਾਨਕ ਸਾਹਿਬ ਜੀ ਵਿਚ ਸਮੋ ਦਿੱਤਾ ਤੇ ਇਸ ਤਰ੍ਹਾਂ ਆਪ ਜੀ ਨੂੰ ਸ਼ਬਦ ਦੀ ਥਾਪਣਾ ਦੇ ਕੇ ਸ਼ਬਦ-ਟਕਸਾਲ ਸੰਸਾਰ ਤੇ ਸਥਾਪਤ ਕੀਤੀ :


www.AKJ.Org

-ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥
ਸਚੇ ਹੀ ਪਤੀਆਇ ਸਚਿ ਸਮਾਇਆ॥ (ਪੰਨਾ ੧੨੭੯)
-ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥ (ਪੰਨਾ ੪੬੬)

ਖਸਮ-ਪ੍ਰਭੂ ਨਾਲ ਇਸ ਰਹੱਸਮਈ ਸੰਜੋਗ ਦੀ ਵਿਥਿਆ ਗੁਰੂ ਨਾਨਕ ਸਾਹਿਬ ਜੀ ਨੇ ਮਾਝ ਕੀ ਵਾਰ ਵਿਚ ਵਰਣਨ ਕੀਤੀ ਹੋਈ ਹੈ :

ਢਾਢੀ ਸਚੈ ਮਹਲਿ ਖਸਮਿ ਬੁਲਾਇਆ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥
ਢਾਢੀ ਕਰੇ ਪਸਾਉ 'ਸਬਦੁ' ਵਜਾਇਆ॥ ਨਾਨਕ ਕਰੇ ਸਾਲਾਹਿ ਪੂਰਾ ਪਾਇਆ॥(ਪੰਨਾ ੧੫੦)

ਗੁਰੂ ਨਾਨਕ ਸਾਹਿਬ ਜੀ ਨੇ ਸਿੰਘ-ਨਾਮ ਵਜਾ ਕੇ ਸੰਸਾਰ ਉਤੇ ਸ਼ਬਦ-ਗੁਰੂ ਦਾ ਢੰਡੋਰਾ ਦਿੱਤਾ ਅਤੇ ਅਧਿਕਾਰੀ ਜਗਿਆਸੂਆਂ ਨੂੰ ਸ਼ਬਦ-ਜਾਗ ਲਾ ਕੇ ਜੀਅ-ਦਾਨ ਦਿੱਤਾ। ਇਹ ਸਿਲਸਿਲਾ ਨਿਰੰਤਰ ਚੱਲ ਰਿਹਾ ਹੈ।

੬.੧ ਗੁਰੂ-ਬਾਬਾ ਜੀ ਦੀ ਜਦੋਂ ਸਿਧ-ਮੰਡਲੀ ਨਾਲ ਭੇਟ ਹੋਈ ਤਾਂ ਵਿਚਾਰ ਗੋਸ਼ਟੀ ਵਿਚ ਸਿਧਾਂ ਨੇ ਜਿਥੇ ਹੋਰ ਕਈ ਪ੍ਰਸ਼ਨ ਕੀਤੇ ਉਥੇ ਇਕ ਪ੍ਰਸ਼ਨ ਇਹ ਵੀ ਕੀਤਾ "ਆਪ ਦਾ ਗੁਰੂ ਕਿਹੜਾ ਹੈ ?" ਸਵਾਲ ਇਹ ਸੀ :

ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥ (ਪੰਨਾ ੯੪੨)

ਸਤਿਗੁਰੂ ਜੀ ਨੇ ਬੜੀ ਗੰਭੀਰਤਾ ਤੇ ਦ੍ਰਿੜ੍ਹਤਾ ਨਾਲ ਉਤਰ ਦਿੱਤਾ :

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥(ਪੰਨਾ ੯੪੩)

ਸਤਿਗੁਰਾਂ ਵੱਲੋਂ ਦਿੱਤਾ ਉਤਰ ਬਿਲਕੁਲ ਸਪਸ਼ਟ ਹੈ ਕਿ 'ਸ਼ਬਦ' ਮੇਰਾ ਗੁਰੂ ਹੈ ਅਤੇ ਮੇਰੀ 'ਸੁਰਤਿ' ਉਸ ਦਾ ਚੇਲਾ ਹੈ।

*'ਗੁਰੂ' ਤੇ 'ਚੇਲੇ' ਦਾ ਰਹਸ / ਸ਼ਬਦ-ਸੁਰਤਿ ਦਾ ਪਰਚਾ*

੬.੨ 'ਗੁਰੂ' ਅਤੇ 'ਚੇਲੇ' ਬਾਰੇ ਸੰਸਾਰ ਦੇ ਧਾਰਮਕ ਖੇਤਰ ਵਿਚ ਬੜੀ ਚਰਚਾ ਹੈ। ਇਸ ਬਾਰੇ ਸਿੱਖ ਧਰਮ ਦਾ ਦ੍ਰਿਸ਼ਟੀਕੋਣ ਬਿਲਕੁਲ ਵਿਲੱਖਣ ਹੈ। ਜੇ ਮਿੱਟੀ ਦਾ ਮਟੂੰਨ ਹੀ ਗੁਰੂ ਹੋਵੇ ਅਤੇ ਮਿੱਟੀ ਦਾ ਮਟੂੰਨ ਹੀ ਚੇਲਾ ਹੋਵੇ ਤਾਂ ਇਸ ਵਿਚ ਗੁਰੂ ਦੀ ਚੇਲੇ ਨਾਲੋਂ ਕੀ ਵਿਸ਼ੇਸ਼ਤਾ ?

ਸਿੱਖ ਸਿਧਾਂਤ ਅਨੁਸਾਰ ਗੁਰੂ 'ਸ਼ਬਦ' ਹੈ ਅਤੇ ਚੇਲਾ 'ਸੁਰਤਿ'। 'ਸ਼ਬਦ' ਅਤੇ 'ਸੁਰਤਿ' ਦੋਵੇਂ ਸੂਖਮ ਹਨ। ਇਸ ਸਿਧਾਂਤ ਦੀ ਵਿਲੱਖਣਤਾ ਇਹ ਹੈ ਕਿ ਚੇਲਾ (ਸੁਰਤਿ) ਆਪਾ-ਭਾਵ ਗਵਾ ਕੇ ਅਰਥਾਤ ਅਫੁਰ ਹੋ ਕੇ ਜਦੋਂ ਗੁਰੂ (ਸ਼ਬਦ) ਵਿਚ ਲੀਨ ਹੁੰਦਾ ਹੈ ਤਾਂ ਗੁਰੂ (ਸ਼ਬਦ) ਦਾ ਹੀ ਰੂਪ ਹੋ ਜਾਂਦਾ ਹੈ ਅਤੇ ਇਸ ਤਰ੍ਹਾਂ ਗੁਰੂ ਅਤੇ ਚੇਲੇ ਦੀ ਸੇਧ ਮਿਲ ਜਾਂਦੀ ਹੈ ਤੇ ਦੋਵੇਂ ਇਕ-ਰੂਪ ਹੋ ਜਾਂਦੇ ਹਨ।

ਅਧਿਆਤਮਵਾਦ ਦੀ ਗਾਥਾ ਸ਼ਬਦ ਸੁਰਤਿ ਦੇ ਪਰਚੇ ਤੋਂ ਹੀ ਆਰੰਭ ਹੁੰਦੀ ਹੈ। ਜਿੰਨੀ ਦੇਰ ਤਕ ਜਗਿਆਸੂ ਦੀ ਸੁਰਤੀ ਸ਼ਬਦ ਵਿਚ ਨਹੀਂ ਜੁੜਦੀ, ਓਨੀ ਦੇਰ ਗੁਰੂ ਅਤੇ ਚੇਲੇ ਦਾ ਰਿਸ਼ਤਾ ਹੀ ਕਾਹਦਾ ? 'ਸ਼ਬਦ' ਅੰਮ੍ਰਿਤ-ਕਲਾ ਸੰਪੰਨ ਹੈ ਪਰ ਸ਼ਬਦ ਦੀ ਪਾਰਸ-ਰਸਾਇਣੀ-ਕਲਾ ਜੀਵ ਦੇ ਅੰਦਰ ਓਦੋਂ ਹੀ ਵਰਤਦੀ ਹੈ ਜਦੋਂ ਉਸ ਦੀ ਸੁਰਤੀ ਸ਼ਬਦ ਵਿਚ ਲਿਵਲੀਨ ਹੁੰਦੀ ਹੈ। ਰਸ-ਪ੍ਰਾਇਣ ਹੋਈ ਸੁਰਤੀ ਸ਼ਬਦ-ਲੀਨਤਾ ਅਭਿਆਸ ਦੁਆਰਾ ਸਨੇ-ਸਨੇ ਪਰਪੱਕ ਹੋ ਜਾਂਦੀ ਹੈ। ਜਦੋਂ ਸੁਰਤੀ ਵਿਚੋਂ ਫੁਰਨੇ ਦਾ ਪੂਰਨ ਤੌਰ 'ਤੇ ਅਭਾਵ ਹੋ ਜਾਂਦਾ ਹੈ ਤਾਂ ਸੁਰਤੀ ਸ਼ਬਦ ਦੀ ਬਰਕਤ ਨਾਲ ਗਗਨ-ਮੰਡਲ (ਦਸਮ-ਦੁਆਰ) ਵਿਚ ਜਾ ਖੇਡਦੀ ਹੈ ਤੇ 'ਅਨਹਦ-ਸ਼ਬਦ' ਦਾ ਅਨੰਦ ਮਾਣਦੀ ਹੈ :

ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ॥ (ਪੰਨਾ ੧੦੦੨)

ਕਲਗੀਧਰ ਪਾਤਸ਼ਾਹ ਜੀ ਨੇ ਜੋਤੀ-ਜੋਤਿ ਸਮਾਵਣ ਸਮੇਂ ਗੁਰਸਿੱਖਾਂ ਪ੍ਰਤੀ ਸੂਤਰ ਰੂਪ ਵਿਚ ਜੋ ਰਹੱਸਮਈ ਬਚਨ ਕੀਤਾ ਉਸ ਵਿਚ 'ਪਰਚਾ ਸ਼ਬਦ ਕਾ' ਦਾ ਵਿਸ਼ੇਸ਼ ਅਸਥਾਨ ਹੈ। ਗੁਰਮਤਿ-ਸਿਧਾਂਤ ਦਾ ਸਪਸ਼ਟ ਨਿਰਣਾ


www.AKJ.Org

ਹੈ ਕਿ ਸ਼ਬਦੁ ਸੁਰਤਿ ਦੇ ਪਰਚੇ ਬਗੈਰ ਜੀਵ ਦਾ ਜਨਮ ਮਰਨ ਦਾ ਗੇੜਾ ਮੁੱਕਦਾ ਹੀ ਨਹੀਂ; ਯਥਾ ਗੁਰਵਾਕ:

-ਸਾਕਤ ਨਰਿ ਸਬਦ ਸੁਰਤਿ ਕਿਉ ਪਾਈਐ॥
ਸਬਦ ਸੁਰਤਿ ਬਿਨੁ ਆਈਐ ਜਾਈਐ॥ (ਪੰਨਾ ੧੦੪੨)

ਗੁਰਮਤਿ ਦੇ ਲਾਸਾਨੀ ਵਿਆਖਿਆਕਾਰ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਉਪਰੋਕਤ ਸਿਧਾਂਤ ਦੀ ਵਿਆਖਿਆ ਆਪਣੀ ਰਚਨਾ ਵਿਚ ਇਉਂ ਕੀਤੀ ਹੈ :

-ਸਬਦੁ ਗੁਰੂ ਗੁਰੁ ਜਾਣੀਐ, ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ। (ਵਾਰ ੭ : ੨੦)

*ਜੋਗ-ਮੱਤ ਅਤੇ ਗੁਰਮਤਿ ਦਾ ਸ਼ਬਦ-ਸੰਕਲਪ ਬਾਰੇ ਫਰਕ :*

੬.੩ ਜੋਗ ਮੱਤ ਦੇ ਧਾਰਮਕ ਸਾਹਿਤ ਵਿਚ ਵੀ ਸ਼ਬਦ-ਸੁਰਤਿ ਦੀ ਚਰਚਾ ਕੀਤੀ ਮਿਲਦੀ ਹੈ ਪਰ ਗੁਰਮਤਿ ਦੇ 'ਸ਼ਬਦ' ਦਾ ਸੰਕਲਪ ਜੋਗ ਮੱਤ ਦੇ ਸ਼ਬਦ ਦੇ ਸੰਕਲਪ ਤੋਂ ਭਿੰਨ ਅਤੇ ਵਿਲੱਖਣ ਹੈ। ਜੋਗ ਮੱਤ ਵਾਲੇ ਸ਼ਬਦ ਨੂੰ ਅਨਾਦੀ ਅਤੇ ਬ੍ਰਹਮ ਤੋਂ ਸੁਤੰਤਰ ਮੰਨਦੇ ਹਨ ਪਰ ਗੁਰਮਤਿ ਦਾ 'ਸ਼ਬਦ' ਬ੍ਰਹਮ ਦੀ ਹੀ ਅੰਸ਼ ਹੈ ਅਤੇ ਬ੍ਰਹਮ ਨੂੰ ਸਾਖਿਆਤਕਾਰ ਕਰਨ ਦਾ ਪ੍ਰਮੁਖ ਵਸੀਲਾ ਵੀ।

ਪਤੰਜਲੀ ਦੇ 'ਮਹਾਭਾਸ਼ਯ' ਵਿਚ 'ਸ਼ਬਦ' ਦਾ ਦੱਸਿਆ ਲੱਛਣ ਇਸ ਪ੍ਰਕਾਰ ਹੈ:

"ਕੰਨਾਂ ਦੁਆਰਾ ਸੁਣਿਆ ਜਾਣ ਵਾਲਾ, ਬੁੱਧੀ ਦੁਆਰਾ ਸਮਝਿਆ ਜਾਣ ਵਾਲਾ ਅਤੇ ਵਰਤੋਂ-ਵਿਹਾਰ ਵਿਚ ਪ੍ਰਚਲਤ-ਆਕਾਸ਼ ਜਿਸ ਦਾ ਅਸਥਾਨ ਹੈ, ਉਹ ਸ਼ਬਦ ਹੈ।"

ਜੋਗ ਮੱਤ ਵਾਲਿਆਂ ਦੀ ਇਹ ਧਾਰਨਾ ਹੈ ਕਿ "ਜਦ ਤਕ ਸ਼ਬਦ ਸੁਣੀਂਦਾ ਹੈ, ਆਕਾਸ਼ ਦਾ ਸੰਕਲਪ ਨਹੀਂ ਹਟ ਸਕਦਾ। ਅਸਾਂ ਨਿਰ-ਸ਼ਬਦ ਅਵਸਥਾ ਵਿਚ ਜਾਣਾ ਹੈ; ਜੋ ਸ਼ਬਦ ਦੀ ਸ਼ਕਲ ਵਿਚ ਸੁਣੀਂਦਾ ਹੈ ਉਹ ਸ਼ਕਤੀ ਹੈ (ਮਾਦੀ ਹੈ) ਅਸਾਂ ਇਸ ਅਵਸਥਾ ਤੋਂ ਉਤੇ ਜਾਣਾ ਹੈ। ਇਸ ਲਈ ਸਮਾਧੀ ਵਿਚ ਸ਼ਬਦ ਨੂੰ ਛੱਡਣਾ ਪਏਗਾ।"

(ਗੁਰਮਤਿ ਨਿਰਣਯ, ਭਾਈ ਜੋਧ ਸਿੰਘ, ਪੰਨਾ ੨੧੬)

"ਜਦ ਤੀਕ ਅਨਾਹਤ ਸ਼ਬਦ ਸੁਣੀਂਦਾ ਹੈ, ਅਕਾਸ਼ ਦਾ ਸੰਕਲਪ ਰਹਿੰਦਾ ਹੈ। ਜੋ ਸ਼ਬਦ ਤੋਂ ਰਹਿਤ ਹੈ ਉਸ ਨੂੰ ਪਾਰਬ੍ਰਹਮ ਤੇ ਪਰਮਾਤਮਾ ਕਹਿੰਦੇ ਹਨ।"

(ਹਠ ਜੋਗ ਪਰਦੀਪਕਾ ਚੌਥਾ ਉਪਦੇਸ਼ ਹਵਾਲਾ, ੨੧੪, ਗੁਰਮਤਿ ਨਿਰਣਯ)

ਗੁਰਮਤਿ ਦਾ ਸ਼ਬਦ ਬਾਰੇ ਸੰਕਲਪ ਜੋਗ ਮੱਤ ਦੇ ਸੰਕਲਪ ਤੋਂ ਵਿਲੱਖਣ ਹੈ। ਗੁਰਮਤਿ ਅਨੁਸਾਰ 'ਸ਼ਬਦ' ਪਰਮ-ਸਤਿ ਅਤੇ ਪਰਮ-ਤੱਤ ਹੈ ਜਿਸ ਤੋਂ ਪੰਜੇ ਤੱਤ ਅਤੇ ਸਾਰੀ ਪੰਜ-ਭੂਤਕ ਰਚਨਾ ਉਪਜੀ ਹੈ :

ਉਤਪਤਿ ਪਰਲਉ ਸਬਦੇ ਹੋਵੈ॥ ਸਬਦੇ ਹੀ ਫਿਰ ਓਪਤਿ ਹੋਵੈ॥ (ਪੰਨਾ ੧੧੭)

'ਸ਼ਬਦ' ਬ੍ਰਹਮ ਦੀ ਅੰਸ਼ ਹੈ, ਬ੍ਰਹਮ ਤੋਂ ਸੁਤੰਤਰ ਅਤੇ ਅਨਾਦੀ ਨਹੀਂ।

ਸਤਿਗੁਰਾਂ ਨੇ ਸਿੱਧਾਂ ਨਾਲ ਸ਼ਬਦ ਬਾਰੇ ਗਿਆਨ-ਚਰਚਾ ਕੀਤੀ। ਕਿਉਂਕਿ ਸ਼ਬਦ ਦੇ ਸੰਕਲਪ ਬਾਰੇ ਸਿੱਧਾਂ ਅਤੇ ਗੁਰੂ ਜੀ ਦੇ ਵਿਚਾਰਾਂ ਦਾ ਵਖਰੇਵਾਂ ਸੀ, ਇਸ ਲਈ ਸਿੱਧਾਂ ਨੇ ਗੁਰਮਤਿ-ਸ਼ਬਦ ਬਾਰੇ ਗੁਰੂ ਜੀ ਤੋਂ ਕਈ ਸਵਾਲ ਪੁੱਛੇ। ਸਿੱਧਾਂ ਦੇ ਪ੍ਰਸ਼ਨ ਅਤੇ ਗੁਰੂ ਜੀ ਦੇ ਉਤਰ 'ਸਿਧ-ਗੋਸਟਿ' ਨਾਮ ਦੀ ਬਾਣੀ ਵਿਚ ਅੰਕਿਤ ਮਿਲਦੇ ਹਨ ਜੋ ਇਸ ਪ੍ਰਕਾਰ ਹਨ :

ਪ੍ਰਸ਼ਨ : ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ॥ (ਪੰਨਾ ੯੪੪)
ਉਤਰ : ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ॥ (ਉਹੀ)
ਪ੍ਰਸ਼ਨ : ਕਹਾ ਬਸੈ ਸੁ ਸਬਦੁ ਅਉਧੂ ਤਾ ਕਉ ਚੂਕੈ ਮਨ ਕਾ ਭਵਨਾ॥ (ਪੰਨਾ ੯੪੫)
ਉਤਰ : ਸੁ ਸਬਦੁ ਨਿਰੰਤਰਿ ਨਿਜ ਘਰਿ ਆਛੈ ਤ੍ਰਿਭਵਣ ਜੋਤਿ ਸੁ ਸਬਦਿ ਲਹੈ॥ (ਉਹੀ)
ਪ੍ਰਸ਼ਨ : ਰੂਪੁ ਨ ਹੋਤੋ ਰੇਖ ਨ ਕਾਈ॥ ਤਾ ਸਬਦਿ ਕਹਾ ਲਿਵ ਲਾਈ॥ (ਉਹੀ)
ਉਤਰ : ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ॥(ਉਹੀ)


www.AKJ.Org

ਉਪਰੋਕਤ ਉਤਰਾਂ ਵਿਚ ਸਤਿਗੁਰਾਂ ਨੇ 'ਬ੍ਰਹਮ' ਅਤੇ ਉਸ ਦੇ 'ਸ਼ਬਦ' ਦੀ ਪਰਸਪਰ ਅਭੇਦਤਾ ਨੂੰ ਉਜਾਗਰ ਕੀਤਾ ਹੈ। 'ਬ੍ਰਹਮ' ਅਥਵਾ 'ਗੁਰੂ' ਅਤੇ 'ਸ਼ਬਦ' ਦੀ ਓਤ-ਪੋਤੀ ਇਕਮਿਕਤਾ ਨੂੰ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਬੀਜ ਅਤੇ ਬਿਰਖ, ਬਾਸ ਅਤੇ ਬਾਵਨ, ਕਾਸਟ ਅਤੇ ਅਗਨਿ ਦੀ ਓਤ-ਪੋਤੀ ਅਭੇਦਤਾ ਦੀਆ ਉਦਾਹਰਣਾਂ ਦੇ ਕੇ ਭਲੀ ਪ੍ਰਕਾਰ ਸਮਝਾਇਆ ਹੈ, ਜਿਵੇਂ :

ਜੈਸੇ ਫਲ ਸੈ ਬਿਰਖ ਬਿਰਖ ਸੈ ਹੋਤ ਫਲ, ਅਦਿਭੁਤਿ ਗਤਿ ਕਛੁ ਕਹਨੁ ਨ ਆਵੈ ਜੀ॥
ਜੈਸੇ ਬਾਸੁ ਬਾਵਨ ਮੈ, ਬਾਵਨ ਹੈ ਬਾਸੁ ਬਿਖੈ, ਬਿਸਮ ਚਰਿਤ੍ਰ ਕੋਊ ਮਰਮੁ ਨ ਪਾਵੈ ਜੀ ॥
ਕਾਸਟਿ ਮੈ ਅਗਨਿ, ਅਗਨਿ ਮੈ ਕਾਸਟਿ ਹੈ, ਅਤਿ ਅਸਚਰਜ ਹੈ ਕਉਤਕ ਕਹਾਵੈ ਜੀ॥
ਸਤਿਗੁਰ ਮੈ ਸਬਦੁ, ਸਬਦ ਮੈ ਸਤਿਗੁਰ ਹੈ, ਨਿਰਗੁਨ ਗਿਆਨ ਧਿਆਨ ਸਮਝਾਵੈ ਜੀ॥੫੩੪॥

ਗੁਰੂ ਬਾਬੇ ਦੀ ਸਿੱਧਾਂ ਨਾਲ ਹੋਈ ਗੋਸਟਿ ਦੇ ਫਲਸਰੂਪ ਉਨ੍ਹਾਂ ਦੀ ਪੂਰਨ ਤੌਰ 'ਤੇ ਨਿਸ਼ਾ ਹੋ ਗਈ ਅਤੇ ਉਨ੍ਹਾਂ ਨੂੰ ਸ਼ਬਦ ਤੋਂ ਸ਼ਾਂਤੀ ਮਿਲੀ :

ਬਾਬੇ ਕੀਤੀ ਸਿਧਿ ਗੋਸਟਿ, ਸਬਦਿ ਸਾਂਤਿ ਸਿਧਾਂ ਵਿਚਿ ਆਈ। (ਵਾਰ ੧: ੪੪)

ਸ਼ਬਦ ਦੀ ਕਰਾਮਾਤ ਨਾਲ ਗੁਰੂ ਬਾਬੇ ਨੇ ਕੇਵਲ ਸਿਧ-ਮੰਡਲੀ ਉਤੇ ਨਹੀਂ ਸਗੋਂ ਹੋਰ ਸਾਰੇ ਪੀਰਾਂ, ਫਕੀਰਾਂ 'ਤੇ ਵੀ ਵਿਜੈ ਪ੍ਰਾਪਤ ਕ਼ੀਤੀ ਅਤੇ ਸ਼ਬਦ ਦੀ ਦੋਹੀ ਸਾਰੇ ਸੰਸਾਰ 'ਤੇ ਫਿਰਾਈ।

੭. ਸ਼ਬਦ-ਗੁਰੂ ਤੇ ਦੇਹਧਾਰੀ ਗੁਰੂ

੭.੧ ਗੁਰਮਤਿ ਅਨੁਸਾਰ ਦੇਹ ਅਥਵਾ ਸਰੀਰ ਨੂੰ ਕਦੀ ਵੀ ਗੁਰੂ ਸਵੀਕਾਰ ਨਹੀਂ ਕੀਤਾ ਗਿਆ। ਨਿਰਸੰਦੇਹ ਸਿੱਖ ਧਰਮ ਵਿਚ ਦਸੇ ਗੁਰੂ-ਸਾਹਿਬਾਨ ਦੇਹਧਾਰੀ ਸਨ, ਪਰ ਉਨ੍ਹਾਂ ਦੀ ਗੁਰਤਾ ਦਾ ਮੂਲ-ਤੱਤ 'ਸ਼ਬਦ' ਸੀ, ਸਰੀਰ ਨਹੀਂ ਸੀ। ਸਰੀਰ ਦੀ ਆਪਣੀ ਥਾਵੇਂ ਮਹੱਤਤਾ ਹੈ। ਸ਼ਬਦ-ਜੋਤਿ ਨੂੰ ਅੱਗੇ ਹੋਰਨਾਂ ਵਿਚ ਜਗਾਉਣ ਲਈ 'ਸਰੀਰ' ਪ੍ਰਮੁੱਖ ਵਸੀਲਾ ਹੈ। ਜਿਸ ਦੇਹੀ ਵਿਚ ਸ਼ਬਦ-ਜੋਤਿ ਪੂਰਨ ਤੌਰ 'ਤੇ ਪਰਦੀਪਤ ਹੋ ਜਾਂਦੀ ਹੈ ਉਹ ਕੰਚਨ-ਵੰਨੀ ਤੇ ਅੰਮ੍ਰਿਤ-ਭਿੰਨੀ ਹੋ ਜਾਂਦੀ ਹੈ, ਪਰ ਦੇਹੀ ਦੀ ਇਹ ਸੋਭਾ ਕੇਵਲ ਸ਼ਬਦ-ਜੋਤਿ ਦੇ ਤੁਫੈਲ ਹੀ ਹੈ।

ਗੁਰਬਾਣੀ ਵਿਚ ਅਨੇਕ ਥਾਈਂ ਸਰੀਰ, (ਕਾਇਆ, ਦੇਹੀ) ਦੀ ਤੁੱਛਤਾ ਨਿਰੂਪਨ ਕੀਤੀ ਹੋਈ ਹੈ, ਜਿਵੇਂ :

-ਕਾਇਆ ਮਿਟੀ ਅੰਧੁ ਹੈ ਪਉਣੈ ਪੁਛਹੁ ਜਾਇ॥(ਪੰਨਾ ੫੧੧)

-ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ॥(ਪੰਨਾ ੧੫੪)

ਫਿਰ ਇਹ ਪੰਜ-ਭੂਤਕੀ ਕਾਇਆਂ ਗੁਰੂ ਕਿਵੇਂ ਹੋ ਸਕਦੀ ਹੈ ? ਗੁਰੂ ਤਾਂ ਵਾਸਤਵ ਵਿਚ ਸ਼ਬਦ ਹੈ ਜਿਸ ਦੀ ਪ੍ਰਾਪਤੀ ਅਤੇ ਕਮਾਈ ਦੇ ਤੁਫੈਲ ਕਾਇਆਂ ਵੀ ਸਤਿਕਾਰ ਜੋਗ ਹੋ ਨਿੱਬੜਦੀ ਹੈ ।

ਸਿੱਖ-ਪੁੱਤਰਾਂ ਨੂੰ ਇਸ ਸੰਬੰਧੀ ਪ੍ਰਬੰਧ ਕਰਨ ਲਈ ਸਤਿਗੁਰਾਂ ਨੇ ਗੁਰਬਾਣੀ ਦੁਆਰਾ 'ਦੇਹ' ਅਤੇ 'ਸ਼ਬਦ' ਦੋਹਾਂ ਦੀ ਸਮਰੱਥਾ ਬਾਰੇ ਸਪਸ਼ਟ ਕੀਤਾ ਅਤੇ ਐਲਾਨ ਕੀਤਾ ਕਿ ਵਿਕਾਰਾਂ ਤੋਂ ਅਤੇ ਜਨਮ-ਮਰਨ ਦੇ ਗੇੜ ਤੋਂ ਜੀਵਾਂ ਦੀ ਮੁਕਤੀ ਕੇਵਲ ਅਤੇ ਕੇਵਲ ਸ਼ਬਦ ਦੀ ਕਮਾਈ ਦੁਆਰਾ ਹੀ ਸੰਭਵ ਹੈ, ਕਿਸੇ ਪੰਜ-ਭੂਤਕੀ ਸਰੀਰ ਤੇ ਦਰਸ਼ਨ ਜਾਂ ਇਸ ਦੀ ਪੂਜਾ ਦੁਆਰਾ ਨਹੀਂ :

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥ (ਪੰਨਾ ੫੯੪)

ਗੁਰੂ ਨਾਨਕ ਸਾਹਿਬ ਜੀ ਸੱਜਣ ਠੱਗ ਕੋਲ ਪੁੱਜੇ। 'ਸਜਣ' ਨੂੰ 'ਗੁਰੂ-ਦੇਹ' ਦੇ ਦਰਸ਼ਨ ਹੋਏ, ਮਨ 'ਤੇ ਗੂੜ੍ਹਾ ਪ੍ਰਭਾਵ ਪਿਆ ਪਰ ਭਰਮ-ਬੰਧਨ ਕੇਵਲ ਓਦੋਂ ਹੀ ਕੱਟੇ ਗਏ ਜਦੋਂ ਗੁਰੂ-ਬਾਬੇ ਦਾ ਸ਼ਬਦ-ਬਾਣ ਵੱਜਾ। ਸ਼ਬਦ ਦੀ ਕਰਾਮਾਤ ਸਦਕਾ 'ਸੱਜਣ' ਠੱਗ ਤੋਂ ਗੁਰਮੁਖ ਹੋ ਨਿੱਬੜਿਆ।

ਮਨੁੱਖੀ ਦੇਹ ਦੀ ਤੁੱਛਤਾ ਅਤੇ ਸ਼ਬਦ ਦੀ ਮਹਾਨਤਾ ਬਾਰੇ 'ਸਿੱਖਾਂ ਦੀ ਭਗਤ ਮਾਲ' ਵਿਚ ਅੰਕਤ ਸਤਿਗੁਰਾਂ ਦੇ ਬਚਨ; ਜੋ ਉਨ੍ਹਾਂ ਨੇ ਸੁਇਨੀ ਜਾਤਿ ਦੇ ਦੋ ਗੁਰਸਿੱਖਾਂ 'ਪ੍ਰਿਥੀ' ਅਤੇ 'ਖੇੜਾ' ਪ੍ਰਤੀ ਉਦਾਰਨ


www.AKJ.Org

ਕੀੜੇ ਏਨੇ ਸਪਸ਼ਟ ਹਨ ਕਿ ਸ਼ੱਕ-ਸ਼ੁਬ੍ਹੇ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿੰਦੀ ਉਪਰੋਕਤ ਦੋਹਾਂ ਗੁਰਸਿੱਖਾਂ ਨੇ ਬੇਨਤੀ ਕੀਤੀ :

'ਜੀ ਗਰੀਬ ਨਿਵਾਜ । ਅਸਾਂ ਨੂੰ ਆਪਣੇ ਚਰਨਾਂ ਦੀ ਸਰਨੀ ਰਖੀਏ । ਬਚਨ ਹੋਇਆ

'.... ਸਰੀਰ ਮੇਰਾ ਸਰਗੁਣ ਅਤੇ ਸ਼ਬਦ ਮੇਰਾ ਰਿਦਾ ਹੈ, ਨਿਰਗੁਣ ਰੂਪ ਹੈ, ਜੋ ਸਰੀਰ ਨਾਲ ਮਿਲੋਗੇ ਤਾਂ ਫੇਰਿ ਭੀ ਵਿਛੜੋਗੇ ਤੇ ਜੇ ਸ਼ਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ (ਸਫਾ ੨੭)

*੮. ਸ਼ਬਦ-ਗੁਰੂ ਦਾ ਰਹੱਸ :*

੮. ੧ ਦਸਾਂ ਹੀ ਸਤਿਗੁਰਾਂ ਅੰਦਰ ਸ਼ਬਦ-ਜੋਤਿ ਦਾ ਪੂਰਨ ਪ੍ਰਕਾਸ਼ ਸੀ ਅਤੇ ਸਤਿਗੁਰੂ ਜੀ ਦੀ ਜੋਤਿ ਜਗਣੀ, ਅੰਮ੍ਰਿਤ-ਭਿੰਨੀ ਦੇਹੁਰੀ ਦੁਆਰਾ ਗੁਰਦੀਖਿਆ ਦੇਣ-ਦ੍ਰਿੜ੍ਹਾਉਣ ਅਥਵਾ ਗੁਰਮਤਿ-ਜੁਗਤਿ ਵਰਤਾਉਣ ਦਾ ਕਰਤਵ ਨਿਭਾਇਆ ਜਾਂਦਾ ਸੀ। ਦਸਮ ਗੁਰਦੇਵ ਜੀ ਨੇ ਸ਼ਖ਼ਸੀ ਗੁਰਤਾ ਦਾ ਸਿਲਸਿਲਾ ਖਤਮ ਕਰ ਕੇ ਗੁਰੂ-ਗ੍ਰੰਥ-ਪੰਥ ਨੂੰ ਗੁਰਤਾ ਅਰਪਨ ਕਰ ਦਿੱਤੀ ਪਾਵ ਸ਼ਬਦ ਦੇ ਪੁੰਜ ਜਾਗਤ-ਜੋਤਿ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੰਥ ਨੂੰ ਗੁਰਮਤਿ-ਜੁਗਤਿ ਵਰਤਾਉਣ ਦਾ ਅਧਿਕਾਰ ਬਖਸ਼ਿਆ।

ਗੁਰਤਾ ਦਾ ਸ਼ਬਦ-ਜੋਤਿ ਵਾਲਾ ਪੱਖ ਤਾਂ ਉਵੇਂ-ਜਿਵੇਂ ਸਲਾਮਤ ਹੈ, ਪਰ ਜੁਗਤਿ ਵਰਤਾਉਣ ਵਾਲਾ, ਪੰਥ ਦਾ ਵਿਵਹਾਰਕ-ਪੱਖ ਸਿਆਸਤ ਦੇ ਪ੍ਰਭਾਵ ਅਧੀਨ ਮਾਂਦਾ (ਕਮਜ਼ੋਰ) ਪੈ ਗਿਆ ਜਾਪਦਾ ਹੈ।

ਚੇਤੇ ਰਹੇ ਕਿ ਗੁਰਦੀਖਿਆ-ਅੰਮ੍ਰਿਤ ਕੋਈ ਫੋਕੀ ਰਸਮ ਨਹੀਂ, ਇਹ ਤਾਂ ਆਤਮ-ਜਾਗ ਹੈ ਏਸੇ ਲਈ ਪੰਥ ਵਿਚ ਪੁਰਾਤਨ ਰਵਾਇਤ ਸੀ ਕਿ ਗੁਰਦੀਖਿਆ ਦੇਣ-ਦ੍ਰਿੜ੍ਹਾਉਣ ਭਾਵ ਅੰਮ੍ਰਿਤ ਸੰਚਾਰ ਕਰਨ ਲਈ ਪੰਜਾਂ ਪਿਆਰਿਆਂ ਦੀ ਸੇਵਾ ਵਿਚ ਕੇਵਲ ਅਜਿਹੇ ਤਿਆਰ-ਬਰ-ਤਿਆਰ ਗੁਰਸਿੱਖਾਂ ਨੂੰ ਸ਼ਾਮਲ ਕੀਤਾ ਜਾਂਦਾ ਸੀ ਜੋ "ਸ਼ਬਦ ਸੁਰਤਿ ਪਰਚਾ ਕਰੈ....", ਜੋ ਸਾਸਿ ਗਿਰਾਸਿ ਧਿਆਹੇ ਮੇਰਾ ਹਰਿ ਹਰਿ", "ਪੂਰਨ ਜੋਤਿ ਜਗੈ ਘਟ ਮਹਿ" ਵਾਲੇ ਗੁਰਮਤੀ ਟੀਚੇ ਉਤੇ ਪੂਰਾ ਉਤਰਦਾ ਹੋਵੇ। ਪਰ ਅਫਸੋਸ ! ਹੁਣ ਅਸਾਂ ਇਸ ਨੂੰ ਕੇਵਲ ਇਕ ਫੋਕੀ ਰਸਮ ਬਣਾ ਲਿਆ ਹੈ। ਇਹੀ ਕਾਰਨ ਹੈ ਕਿ ਜਗਿਆਸੂਆਂ ਦੇ ਜੀਵਨ ਵਿਚ ਅੰਮ੍ਰਿਤ-ਪਾਨ ਕਰਨ ਮਗਰੋਂ ਵੀ ਲੋੜੀਂਦਾ ਪਰਿਵਰਤਨ ਨਹੀਂ ਹੋ ਰਿਹਾ।

*ਉਪਰੋਕਤ ਤੱਥਾਂ ਤੋਂ ਜਿਹੜੀ ਗੱਲ ਉਘੜ ਕੇ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਸ਼ਬਦ-ਗੁਰੂ ਦੇ ਰਹੱਸ ਨੂੰ ਅਸਾਂ ਖੁਦ ਹੀ ਨਾ ਸਮਝਿਆ ਹੈ ਅਤੇ ਨਾ ਹੀ ਮਨ ਬਚ ਕਰਮ ਕਰਕੇ ਅਪਣਾਇਆ ਹੈ। ਸਾਡੇ ਹਿਰਦੇ ਵਿਚ ਸ਼ਬਦ ਜੋਤਿ ਨਹੀਂ ਜਗੀ, ਅਤੇ ਸਾਡੇ ਆਚਾਰ ਵਿਹਾਰ ਵਿਚੋਂ ਸ਼ਬਦ ਪ੍ਰਕਾਸ਼ ਪ੍ਰਤੀਬਿੰਬਤ ਨਹੀਂ ਹੋਇਆ, ਅਸੀਂ 'ਸ਼ਬਦ-ਗੁਰੂ' ਬਾਰੇ ਫੋਕੀਆਂ ਟਾਹਰਾਂ ਮਾਰਨ ਵਾਲਿਆਂ ਵਿਚੋਂ ਹੀ ਹਾਂ। ਉਂਜ ਆਪਣੀ ਇਸ ਕਮਜ਼ੋਰੀ ਨੂੰ ਛੁਪਾਉਣ ਖ਼ਾਤਰ ਦੋਸ਼ ਦੂਜਿਆ ਨੂੰ ਦੇਂਦੇ ਹਾਂ। ਦਰਅਸਲ ਇਸ ਪੱਖੋਂ ਪੰਥਕ ਪੱਧਰ 'ਤੇ ਸ੍ਵੈ-ਵਿਸ਼ਲੇਸ਼ਣ ਕਰਨ ਦੀ ਲੋੜ ਹੈ।*

(ਪੰਨਾ ੬ ਦਾ ਬਾਕੀ ....)

ਜਿਸ ਹਲੀਮੀ ਵਿੱਚ ਸ਼ੁਭ ਗੁਣ ਨਹੀਂ ਉਹ ਉੱਚੀ ਸੱਚੀ ਨਿਮਰਤਾ ਨਹੀਂ। ਨਗਨ ਫਿਰਨ ਵਿੱਚ ਕੋਈ ਵਡਿਆਈ ਨਹੀਂ, ਸ਼ੋਭਾ ਤਾਂ ਹੈ ਜੇ ਬੰਦਾ ਹਰਿ ਰੰਗ ਵਿਚ ਵਿਚਰੇ। ਜੇ ਅਕਾਲ ਪੁਰਖ ਦੀ ਪ੍ਰਸੰਨਤਾ ਨਹੀਂ ਤਾਂ ਨਿਮਾਣੇ ਅਖਵਾਉਣ ਵਿੱਚ ਕੋਈ ਮਾਣ ਨਹੀਂ। ਟੁੱਟੀ ਫੁੱਟੀ ਝੌਂਪੜੀ ਪ੍ਰਭੂ ਦੀ ਕੀਰਤੀ ਕਰਕੇ ਹੀ ਸ਼ੋਭਾ ਪਾਉਂਦੀ ਹੈ। ਗੁਰਦੇਵ ਜੀ ਨਹੀਂ ਚਾਹੁੰਦੇ ਕਿ ਕੋਈ ਸਿੱਖ ਨਿਰਧਨ ਤੇ ਕੰਗਾਲ ਹੋਵੇ ਤੇ ਵੰਡ ਕੇ ਛਕਣ ਤੇ ਅਸਮਰਥ ਹੋਵੇ। ਪਰ ਜੇ ਕੋਈ ਐਸਾ ਹੈ ਤਾਂ ਮਨ ਕਰ ਕੇ ਸੰਤੋਖੀ ਹੋਵੇ, ਸਬਰ ਵਿਚ ਰਹੇ ਤੇ ਪ੍ਰਭੂ ਦੇ ਭਾਣੇ ਨੂੰ ਅੰਮ੍ਰਿਤ ਸਮਾਨ ਸਮਝੇ। ਜਿਹੜਾ ਆਪਣੀ ਅਸਮਰਥਾ ਨੂੰ ਕਮਜ਼ੋਰੀ ਨਹੀਂ ਸਮਝਦਾ ਤੇ ਰੱਬੀ ਦਾਤ ਮੰਨਦਾ ਹੈ, ਕਿਸੇ ਪਦਾਰਥ ਦੀ ਅਣਹੋਂਦ ਕਾਰਨ ਦੁਖੀ ਤੇ ਵਿਆਕਲ ਨਹੀਂ ਹੁੰਦਾ, ਜਿਹੜਾ ਹਰਿ ਰੰਗ ਵਿੱਚ ਰੱਤਾ ਤੇ ਨਾਮ ਰਸ ਵਿੱਚ ਭਿੰਨਾ ਹੈ, ਉਸ ਦੀ ਨਿਮਰਤਾ ਇਕ ਆਦਰਸ਼ਕ ਨਹੀਂ।

• • • •


www.AKJ.Org

# ਗੁਰੂ ਰਾਮਦਾਸ ਜੀ ਦੀ ਬਾਣੀ ਅਤੇ ਸੰਗੀਤ ਦਾ ਅਧਿਅਨ

(ਡਾ: ਗੋਬਿੰਦ ਸਿੰਘ ਮਨਸੁਖਾਨੀ)

ਕਿਸੇ ਵਿਸ਼ੇਸ਼ ਮੰਤਵ ਲਈ, ਗੁਰੂ ਰਾਮਦਾਸ ਦੇ ਭਗਤੀ ਕਾਵਿ ਅਤੇ ਪਵਿੱਤਰ ਸੰਗੀਤ ਦਾ ਨਵੇਕਲੇ ਢੰਗ ਨਾਲ ਤੇ ਬਾਹਰਮੁਖੀ ਰੂਪ ਵਿਚ ਅਧਿਅਨ ਕਰਨਾ ਮੁਸ਼ਕਲ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਸੱਚ ਨੂੰ ਪ੍ਰਗਟਾਉਣ ਵਾਲੀ ਕਵਿਤਾ ਲਈ ਅਲੋਚਨਾਤਮਕ ਨਿਰਣੇ ਦੀ ਰਵਾਇਤੀ ਮਾਪਦੰਡ ਲਾਗੂ ਨਹੀਂ ਕੀਤਾ ਜਾ ਸਕਦਾ। ਦੂਜਾ ਜਿਹੜਾ ਵੀ ਸੰਤਾ ਤੇ ਮਹਾਂਪੁਰਖਾਂ ਦੇ ਪਵਿੱਤਰ ਬਚਨਾਂ ਦੀ ਥਾਹ ਪਾਉਣਾ ਚਾਹੁੰਦਾ ਹੈ, ਉਸ ਨੂੰ ਆਪ ਉਨੀ ਉਚੇਰੀ ਅਵੱਸਥਾ ਵਿਚ ਪੁਜਿਆ ਹੋਇਆ ਹੋਣਾ ਚਾਹੀਦਾ ਹੈ ਤਾਂ ਜੋ ਆਪ ਉਹ ਅਜਿਹੇ ਪਹੁੰਚੇ ਹੋਏ ਮਹਾਂਪੁਰਖਾਂ ਦੇ ਤਜਰਬਿਆਂ ਨਾਲ ਸਾਂਝ ਮਹਿਸੂਸ ਕਰ ਸਕੇ। ਇਲਾਹੀ ਬਾਣੀ ਜੋ ਕਿ ਪ੍ਰਮਾਤਮਾ ਵਲੋਂ ਕਿਸੇ ਅਨੁਭਵੀ ਪੀਰ ਨੂੰ ਕਹੇ ਗਏ ਸ਼ਬਦ ਹੁੰਦੇ ਹਨ- ਸਭ ਤੋਂ ਚੰਗੀ ਤਰ੍ਹਾਂ ਅੰਦਰਲੇ ਅਨੁਭਵ ਨਾਲ ਹੀ ਸਮਝੀ ਜਾ ਸਕਦੀ ਹੈ। ਵਾਹਿਗੁਰੂ ਨਾਲ ਇਕ ਸੁਰ ਹੋਇਆਂ ਹੀ ਅਜਿਹੀ ਅਵਸਥਾ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸੇ ਕਰਕੇ ਹੀ ਤਾਂ ਗੁਰੂ ਜੀ ਫ਼ਰਮਾਉਂਦੇ ਹਨ :

"ਅੰਤਰਿ ਅਲਖੁ ਨ ਜਾਈ ਲਖਿਆ॥ ਨਾਮੁ ਰਤਨੁ ਲੈ ਗੁਝਾ ਰਖਿਆ॥"

ਗੁਰੂ ਰਾਮਦਾਸ ਜੀ ਦੇ ਸ਼ਬਦ ਜਾ ਉਹਨਾਂ ਦੀ ਬਾਣੀ ਦੂਜੇ ਗੁਰੂ ਸਾਹਿਬਾਨ ਦੀ ਬਾਣੀ ਵਾਂਗ ਇਨਸਾਨ ਦੀ ਅਧਿਆਤਮਕ ਸਥਿਤੀ ਅਤੇ ਉਸ ਦੇ ਵਿਕਾਸ ਦਾ ਵਰਨਣ ਹੀ ਨਹੀਂ ਕਰਦੀ, ਸਗੋਂ ਉਸ ਦੀਆਂ ਨਿਤਾ-ਪ੍ਰਤੀ ਦੀਆਂ ਸਮੱਸਿਆਵਾਂ ਦਾ ਹੀ ਜ਼ਿਕਰ ਕਰਦੀ ਹੈ। ਗੁਰੂ ਜੀ ਦੀ ਬਾਣੀ ਦੀ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਭਾਵੇਂ ਇਹ ਸ਼ਬਦ ਜੀਵਨ ਤੇ ਮ੍ਰਿਤੂ ਦੀਆਂ ਬੁਨਿਆਦੀ ਸਮੱਸਿਆਵਾਂ, ਇਨਸਾਨ ਦੀਆਂ ਸਰਬ-ਵਿਆਪਕ ਭਾਵਨਾਵਾਂ ਅਤੇ ਕਮਜ਼ੋਰੀਆਂ ਦਾ ਵੀ ਸਾਧਨ ਕਰਦੇ ਹਨ, ਫਿਰ ਵੀ ਇਹਨਾਂ ਵਿਚ ਉਸ ਯੁੱਗ ਅਤੇ ਉਸ ਸਮੇਂ ਦੀਆਂ ਇਤਿਹਾਸਕ ਘਟਨਾਵਾਂ ਦੀਆਂ ਵੰਗਾਰਾਂ ਦਾ ਵੀ ਜ਼ਿਕਰ ਹੈ, ਜੋ ਜੀਵਨ ਵਿਚ ਵਾਪਰੀਆਂ ਰਹਿੰਦੀਆਂ ਸਨ। ਗੁਰੂ ਰਾਮਦਾਸ ਜੀ ਦੀ ਬਾਣੀ ਸਾਨੂੰ ਨਾ ਕੇਵਲ ਪਰਮਾਤਮਾ ਅਤੇ ਉਸ ਦੀ ਸ੍ਰਿਸਟੀ ਤੋਂ ਹੀ ਜਾਣੂ ਕਰਾਉਂਦੀ ਹੈ, ਤੇ ਕੁਦਰਤ ਦੇ ਕਾਨੂੰਨਾਂ ਅਤੇ ਉਸ ਦੀ ਸਿਰਜਨਾ ਦੇ ਪਸਾਰ ਦੇ ਰਹੱਸ ਨੂੰ ਹੀ ਖੋਲ੍ਹਦੀ ਹੈ। ਸਗੋਂ ਉਸ ਵੇਲੇ ਦੇ ਸਮਾਜ ਦੀਆਂ ਕਮਜ਼ੋਰੀਆਂ, ਰਾਜਸੀ ਅਧੋਗਤੀ ਅਤੇ ਭ੍ਰਿਸ਼ਟ ਸ਼ਾਸ਼ਨ ਪ੍ਰਬੰਧ, ਚਾਲਬਾਜ ਤੇ ਦੰਭੀ ਪ੍ਰੋਹਤ ਸ਼੍ਰੇਣੀ ਅਤੇ ਲਾਚਾਰ ਜਨਤਾ ਉਪਰੋਂ ਵੀ ਪਰਦਾ ਚੁੱਕਦੀ ਹੈ। ਏਥੋਂ ਤਾਈਂ ਕਿ ਕਥਨੀ ਤੇ ਕਰਨੀ ਵਿਚ ਸਮਕਾਲੀ ਲੋਕਾਂ ਦੇ ਜੀਵਨ ਵਿਚ ਡੂੰਘੇ ਅੰਤਰ ਦੇ ਬਾਵਜੂਦ ਇਸ ਬਾਣੀ ਰਾਹੀਂ ਉਸ ਸਮੇਂ ਵਿਚ ਵਿਚਰਦੇ ਮਨੁੱਖ ਦੀਆਂ ਹਾਲਤਾਂ ਅਤੇ ਇਨਸਾਨੀ ਜ਼ਿੰਦਗੀ ਦੇ ਅੰਤਮ ਮਨੋਰਥ ਉਪਰ ਵੀ ਚਾਨਣ ਪਾਇਆ ਗਿਆ ਹੈ। ਗੁਰੂ ਰਾਮਦਾਸ ਜੀ ਦੀ ਬਾਣੀ ਦਾ ਵਿਸ਼ਾ ਵਸਤੂ ਪਰਮਾਤਮਾ ਸੱਚਾਈ, ਸਬਰ ਸ਼ੁਕਰ, ਹਉਮੈ ਮਾਇਆ,ਬਦੀ ਤੇ ਨੇਕੀ ਦੀਆਂ ਤਾਕਤਾਂ ਵਿਚਕਾਰ ਚਲ ਰਹੇ ਅਨੰਤ ਸੰਘਰਸ਼। ਇਸ਼ਨਾਨ ਤੀਰਥ ਯਾਤ੍ਰਾ ਦੀਆਂ ਰਹੁਰੀਤੀਆਂ ਅਤੇ ਯੋਗ ਕਿਰਿਆਵਾਂ ਨੂੰ ਆਪਣੇ ਘੇਰੇ ਵਿਚ ਲੈ ਲੈਂਦਾ ਹੈ। ਅਸਲ ਵਿਚ ਉਹਨਾਂ ਦੀ ਬਾਣੀ ਮਨੁੱਖ ਦੇ ਭੌਤਕ ਮਾਨਸਕ, ਅਤੇ ਅਧਿਆਤਮਕ ਵਿਕਾਸ ਦੇ ਸਰਬਪੱਖੀ ਗੁਣਾਂ ਦਾ ਵਰਨਣ ਕਰਦੀ ਹੈ। ਇਸ ਲਈ ਉਹਨਾਂ ਦੀ ਬਾਣੀ ਦਾ ਇਲਹਾਮੀ ਕਵਿਤਾ, ਸਿੱਖੀ ਸੇਵਕੀ ਦੀ ਕਵਿਤਾ, ਅਤੇ ਕੁਦਰਤ ਦੀ ਕਵਿਤਾ ਵਰਗੀਆਂ ਸ਼੍ਰੇਣੀਆਂ ਹੇਠ ਵੰਡ ਕੇ ਅਧਿਅਨ ਕਰਨਾ ਚਾਹੀਦਾ ਹੈ, ਭਾਵੇਂ ਕਿ ਇਕ ਕਿਸਮ ਦੀ ਕਵਿਤਾ ਦਾ ਝਲਕਾਰਾ ਦੂਜੀਆਂ ਦੋਹਾਂ ਕਿਸਮਾਂ ਵਿਚ ਵੀ ਪੈ ਸਕਦਾ ਹੈ।

## ਇਲਹਾਮੀ ਕਵਿਤਾ

ਸਾਨੂੰ ਇਹ ਤਾਂ ਪਤਾ ਹੀ ਹੈ ਕਿ ਸਿੱਖ ਗੁਰੂ ਸਾਹਿਬਾਨ ਕੋਲ ਇਕ ਦੈਵੀ ਮਿਸ਼ਨ ਸੀ ਅਤੇ ਉਹਨਾ ਨੇ ਆਪਣੇ ਇਸ ਮਿਸ਼ਨ ਦੀ ਪੂਰਤੀ ਲਈ ਆਪਣੇ ਆਪ ਨੂੰ ਢਾਡੀ ਵੀ ਕਿਹਾ ਹੈ ਜਿਨ੍ਹਾ ਦਾ ਕੰਮ ਲੋਕਾ ਨੂੰ ਸੱਚਾ ਤੇ ਸੁੱਚਾ ਜੀਵਨ ਬਿਤਾਉਣ ਲਈ ਅਗਵਾਈ ਦੇਣਾ ਹੁੰਦਾ ਹੈ। ਗੁਰੂ ਰਾਮਦਾਸ ਜੀ ਨੇ ਵੀ ਆਪਣੇ ਆਪ ਨੂੰ ਇਕ ਢਾਡੀ ਹੀ ਕਿਹਾ ਹੈ, ਜਿਸ ਨੂੰ ਹੁਕਮ ਹੋਇਆ ਹੈ ਕਿ ਉਹ ਸੰਸਾਰ ਨੂੰ ਪ੍ਰਮਾਤਮਾ ਦਾ



www.AKJ.Org

ਸੰਦੇਸ਼ ਪਹੁੰਚਾਵੇ। ਆਪ ਫਰਮਾਉਂਦੇ ਹਨ :-

"ਹਉ ਢਾਡੀ ਹਰਿ ਪ੍ਰਭ ਖਸਮ ਕਾ ਹਰਿ ਕੈ ਦਰਿ ਆਇਆ॥
ਹਰਿ ਅੰਦਰਿ ਸੁਣੀ ਪੂਕਾਰ ਢਾਢੀ ਮੁਖਿ ਲਾਇਆ॥"

ਪ੍ਰੋ: ਪੂਰਨ ਸਿੰਘ ਨੇ ਇਸ ਪ੍ਰਕਾਰ ਦੀ ਕਵਿਤਾ ਨੂੰ 'ਯੁੱਗਾਂ ਦੀ ਸਮਾਧੀ' ਦਾ ਨਾਂ ਦਿੱਤਾ ਹੈ। ਕਵੀ ਦੇ ਮਗਰ ਜੋ ਅਗੰਮੀ ਜੋਤ ਲੁਕੀ ਹੋਈ ਹੈ, ਉਹ ਸਾਨੂੰ ਜੀਵਨ ਦਾਨ ਦੇਂਦੀ ਹੈ। ਫਿਰ ਵੀ ਇਸ ਪ੍ਰਕਾਰ ਦੀ ਦੈਵੀ ਕਵਿਤਾ ਦੀ ਬਖਸ਼ਿਸ਼ ਉਹਨਾਂ ਨੂੰ ਗੁਰੂ ਅਮਰਦਾਸ ਦੀ ਸ਼ਰਧਾ ਨਾਲ ਕੀਤੀ ਸੇਵਾ ਰਾਹੀਂ ਪ੍ਰਾਪਤ ਹੋਈ ਹੈ। ਬਾਈਂ ਸਾਲਾਂ ਤੱਕ, ਗੁਰੂ ਰਾਮਦਾਸ ਜੀ ਨੂੰ ਤੀਜੇ ਗੁਰੂ ਵੱਲੋਂ ਸਿਖਲਾਈ ਦੇ ਕੇ ਅਧਿਆਤਮਕ ਅਤੇ ਸੰਸਾਰਕ ਫਰਜ਼ਾਂ ਨੂੰ ਨਿਭਾਣ ਵਿਚ ਅਗਵਾਈ ਦਿੱਤੀ ਜਾਂਦੀ ਰਹੀ। ਆਪ ਨੇ ਗੋਇੰਦਵਾਲ ਵਿਚ ਬਾਉਲੀ ਸਾਹਿਬ ਦੀ ਉਸਾਰੀ ਵਿਚ ਬਹੁਤ ਸਖਤ ਮਿਹਨਤ ਕੀਤੀ। ਉਹ ਆਪਣੇ ਸਹੁਰਾ ਸਾਹਿਬ ਨੂੰ ਆਪਣਾ ਪਰਮੇਸ਼ਰ ਤੇ ਪੀਰ ਮੁਰਸ਼ਦ ਸਮਝਦੇ ਸਨ। ਇਕ ਸ਼ਰਧਾਵਾਨ ਨਿਮਾਣੇ ਸਿੱਖ ਦੀ ਹੈਸੀਅਤ ਵਿਚ, ਉਹਨਾਂ ਆਪਣੇ ਗੁਰੂ ਲਈ ਤੜਪ ਤੇ ਪਿਆਰ ਦੀ ਬਾਣੀ ਰਚੀ। ਉਹਨਾਂ ਨੇ ਗੁਰੂ ਪਰਮਾਤਮਾ ਦਾ ਸਰੂਪ ਵੇਖਿਆ। ਆਪ ਲਿਖਦੇ ਹਨ :-

"ਨਾਨਕ ਕਾ ਪ੍ਰਭ ਪੂਰਿ ਰਹਿਓ ਹੈ, ਜਤ ਕਤ ਤਤ ਗੋਸਾਈਂ॥"

## ਸਿੱਖੀ ਸੇਵਕੀ ਦੀ ਕਵਿਤਾ

ਆਪਣੇ ਗੁਰੂ ਪ੍ਰਤੀ ਸ਼ਰਧਾ ਤੇ ਨਿਸ਼ਚਾ ਹੀ ਸਿੱਖੀ ਸੇਵਕੀ ਦੀ ਕਵਿਤਾ ਦਾ ਬੁਨਿਆਦੀ ਵਿਸ਼ਾ ਵਸਤੂ ਹੈ ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਪ੍ਰਤੀ ਕਈ ਰੂਪਾਂ ਵਿਚ ਆਪਣੀ ਪੂਜਾ ਤੇ ਪਿਆਰ ਨੂੰ ਬਿਆਨਿਆ ਹੈ, ਉਹ ਇਕ ਬਾਲਕ ਸਮਾਨ ਹਨ ਅਤੇ ਉਹਨਾਂ ਦਾ ਗੁਰੂ ਇਕ ਪਿਤਾ ਦੇ ਸਮਾਨ ਹੈ ਜੁ ਆਪਣੇ ਬੱਚੇ ਦੀ ਪਾਲਣਾ-ਪੋਸਣਾ ਤੇ ਕਲਿਆਣ ਲਈ ਦੇਖਭਾਲ ਕਰਦਾ ਹੈ। ਆਪਣੇ ਇਕ ਸ਼ਬਦ ਵਿਚ, ਗੁਰੂ ਰਾਮਦਾਸ ਨੇ ਆਪਣੀਆਂ ਇਹਨਾਂ ਭਾਵਨਾਵਾਂ ਨੂੰ ਇੰਜ ਪ੍ਰਗਟ ਕੀਤਾ ਹੈ :

"ਮਾਤਾ ਪ੍ਰੀਤਿ ਕਰੇ ਪੁਤੁ ਖਾਇ॥ ਮੀਨੇ ਪ੍ਰੀਤਿ ਭਈ ਜਲਿ ਨਾਇ॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ॥

ਪੂਰਨ ਸਿੰਘ ਨੇ ਇਸ ਪ੍ਰਕਾਰ ਦੀ ਕਵਿਤਾ ਦੇ ਪ੍ਰਭਾਵ ਨੂੰ ਇੰਜ ਬਿਆਨ ਕੀਤਾ ਹੈ :

The music of disciple poetry kindles the light of love in empty shrines; its eadence is that of the temple balls that waken the worshippers at dawn."

ਉਹਨਾਂ ਨੂੰ ਗੁਰੂ ਰਾਮਦਾਸ ਜੀ ਦੀ ਬਾਣੀ ਮੰਤਰ ਮੁਗਧ ਕਰਨ ਵਾਲੀ ਅਤੇ ਆਤਮਾ ਨੂੰ ਹਲੂਣਦੀ ਮਹਿਸੂਸ ਹੁੰਦੀ ਹੈ।

"The poetry of Ramdas flows like a stream of love whose cooling melody yearns for the beloved and sings of the magic spell of His glance IT is put in the mouth of the bride who pines in her longing for one more glimpse of Him and still one more."

ਗੁਰੂ ਆਪਣੇ ਪਿਆਰੇ ਸਿੱਖਾਂ ਲਈ ਕੀ ਕਰਦਾ ਹੈ ? ਗੁਰੂ ਰਾਮਦਾਸ ਜੀ ਹੇਠ ਲਿਖੀਆ ਤੁਕਾਂ ਵਿਚ ਉੱਤਰ ਦੇਂਦੇ ਹਨ।

"ਅਗਿਆਨੁ ਅੰਧੇਰਾ ਕਟਿਆ ਗੁਰ ਗਿਆਨੁ ਘਟਿ ਬਲਿਆ॥
ਹਰਿ ਲਧਾ ਰਤਨੁ ਪਦਾਰਥੋ ਫਿਰ ਬਹੁੜਿ ਨ ਚਲਿਆ॥"

ਗੁਰੂ ਜੀ ਸੱਚ ਖੰਡ ਦਾ ਮਾਰਗ ਦਸਦੇ ਹਨ। ਉਹ ਆਪਣੇ ਸਿੱਖ ਨੂੰ ਸਹਿਜ ਅਵਸਥਾ ਵਿਚ ਵਿਚਰਦਿਆਂ ਅਨੁਭਵ ਕਰਾਂਦੇ ਹਨ ਜਿਥੇ **ਸੁਖ ਤੇ** ਦੁਖ, ਭੁਖ ਤੇ ਤ੍ਰਿਪਤੀ, ਮਾਨ ਤੇ ਅਪਮਾਨ ਇਕੋ ਤਰ੍ਹਾਂ ਹੀ ਪਰਮਾਤਮਾ ਦੀ ਬਖਸ਼ਿਸ਼ ਜਾਪਦੇ ਹਨ। **ਪਰ** ਇਹ ਅਵਸਥਾ ਸਾਧਨਾ ਜਾਂ ਕਮਾਈ ਨਾਲ ਹੀ ਪ੍ਰਾਪਤ ਕੀਤੀ ਜਾ ਸਕਦੀ


www.AKJ.Org

ਹੈ। ਜਿਸ ਦਾ ਭਾਵ ਹੈ ਨਿਸ਼ਕਾਮ ਸੇਵਾ, ਗਰੀਬੀ ਅਤੇ ਆਤਮ-ਸਮਰਪਣ। ਅੱਜ ਸਾਡੇ ਵਿੱਚੋਂ ਬਹੁਤ ਸਾਰਿਆਂ ਦੀ ਸਮੱਸਿਆਂ ਤਾਂ ਇਹੀ ਹੈ ਕਿ ਅਸੀਂ ਸਿਰਫ ਗੁਰੂ ਦੇ ਉਪਦੇਸ਼ ਦਾ ਪਰਚਾਰ ਹੀ ਕਰਦੇ ਹਾਂ, ਪਰ ਉਹਨਾਂ ਉਪਦੇਸ਼ਾਂ ਮੁਤਾਬਿਕ ਆਪ ਆਪਣਾ ਜੀਵਨ ਨਹੀਂ ਜੀਉਂਦੇ। ਗੁਰੂ ਸਾਹਿਬਾਨ ਨੇ ਨਸ਼ਿਆਂ ਦੀ ਮਨਾਹੀ ਕੀਤੀ ਹੋਈ ਹੈ ਪਰ ਅਸੀਂ ਨਾਂ ਸਿਰਫ ਇਹਨਾਂ ਦਾ ਆਪੂੰ ਹੀ ਸੇਵਨ ਕਰਦੇ ਹਾਂ ਸਗੋਂ ਆਪਣੇ ਮਹਿਮਾਨਾਂ ਤੇ ਮਿੱਤਰਾਂ ਨੂੰ ਵੀ ਸ਼ਰਾਬਾਂ ਪੇਸ਼ ਕਰਦੇ ਹਾਂ। ਗੁਰੂ ਰਾਮਦਾਸ ਜੀ ਨੇ ਗੁਰੂ ਅਮਰਦਾਸ ਜੀ ਦੀ ਸਿੱਖਿਆ ਉਪਰ ਸਹੀ ਅਰਥਾਂ ਵਿਚ ਅਮਲ ਕੀਤ੍ਾ। ਭਾਵੇਂ ਕਿ ਬਾਉਲੀ ਸਾਹਿਬ ਦੀ ਸੇਵਾ ਕਰਦਿਆਂ ਉਹਨਾਂ ਨੂੰ ਮਿੱਤਰਾਂ ਤੇ ਰਿਸ਼ਤੇਦਾਰਾਂ ਦੇ ਤਾਅਨੇ ਮਿਹਣੇ ਤੇ ਝੇਂਡਾ ਵੀ ਸਹਿਣੀਆਂ ਪਈਆਂ।

ਗੁਰੂ ਜੀ ਨੇ ਆਪਣੇ ਸਿੱਖ ਲਈ ਗਾਡੀ ਰਾਹ ਬਣਾ ਦਿੱਤਾ ਹੈ ਇਕ ਮਾਹਿਰ ਡਾ: ਵਾਂਗ ਗੁਰੂ ਜੀ ਹਰ ਇਕ ਸਿੱਖ ਦੇ ਰੋਗ ਨੂੰ ਲਭਦੇ ਹਨ ਅਤੇ ਉਸ ਦੇ ਇਲਾਜ ਲਈ, ਫਿਰ ਇਲਾਜ ਦਸਦੇ ਹਨ। ਆਪ ਉਪਦੇਸ਼ ਅਤੇ ਉਦਾਹਰਨ ਰਾਹੀਂ ਸਿੱਖਾਂ ਨੂੰ ਪ੍ਰਭਾਵਤ ਕਰਦੇ ਹਨ। ਗੁਰੂ ਜੀ ਸਿੱਖ ਨੂੰ ਕਹਿੰਦੇ ਹਨ ਕਿ ਮਨੁੱਖਾਂ ਜੀਵਨ ਬੜੀ ਤੇਜੀ ਨਾਲ ਬੀਤਦਾ ਜਾ ਰਿਹਾ ਹੈ ਸਾਨੂੰ ਇਸ ਦਾ ਵਧ ਤੋਂ ਵਧ ਤੋਂ ਲਾਹਾ ਲੈ ਲੈਣਾ ਚਾਹੀਦਾ ਹੈ। ਮਨੁੱਖ ਜੋ ਸੰਸਾਰਕ ਝਮੇਲਿਆਂ ਵਿਚ ਫਸਿਆ ਹੈ ਇਹ ਉਸ ਦੇ ਕਿਸੇ ਕੰਮ ਨਹੀਂ ਆਉਣੇ, ਜਦੋਂ ਪਰਮਾਤਮਾ ਦੇ ਦਰਬਾਰ ਵਿਚ ਉਸ ਨੂੰ ਲੇਖਾ ਦੇਣਾ ਪਵੇਗਾ। ਸਿਰਫ ਨਾਮ ਸਿਮਰਨ ਰਾਹੀਂ ਹੀ, ਉਹ ਵਾਹਿਗੁਰੂ ਨੂੰ ਚੰਗਾ ਲਗ ਸਕਦਾ ਹੈ ਆਪ ਜੀ ਦਾ ਫੁਰਮਾਨ ਹੈ :

"ਦਿਨਸੁ ਚੜੈ ਫਿਰਿ ਆਥਣੈ ਰੈਣਿ ਸਬਾਈ ਜਾਇ॥
ਆਵ ਘਟੈ ਨਰੁ ਨਾ ਬੁਝੈ ਨਿਤਿ ਮੂਸਾਲਾ ਜੁ ਟੁਕਾਇ॥"

ਕੁਦਰਤ ਦੀ ਕਵਿਤਾ

ਗੁਰੂ ਰਾਮਦਾਸ ਦੀ ਬਾਣੀ ਵਿਚ ਕੁਦਰਤੀ ਦ੍ਰਿਸ਼ਾਂ ਅਤੇ ਸੁੰਦਰ ਚੀਜ਼ਾਂ ਦੇ ਅਨੇਕਾਂ ਪ੍ਰਮਾਣ ਮਿਲਦੇ ਹਨ, ਜਿਨ੍ਹਾਂ ਰਾਹੀਂ ਉਹ ਸਦਾਚਾਰਕ ਅਤੇ ਅਧਿਆਤਮਕ ਉਪਦੇਸ਼ ਦੇਂਦੇ ਹਨ। ਇਕ ਸਿੱਖ ਦੀ ਆਪਣੇ ਗੁਰੂ ਪ੍ਰਤੀ ਅਨਿਨ ਭਗਤੀ ਤੇ ਸ਼ਰਧਾ ਦਾ ਜ਼ਿਕਰ ਕਰਦਿਆਂ ਗੁਰੂ ਜੀ ਨੇ ਇਹ ਦ੍ਰਿੜ ਕਰਾਇਆ ਹੈ ਕਿ ਭਾਵੇਂ ਝੱਖੜ ਝੁਲਦਾ ਹੋਵੇ, ਤੂਫਾਨ ਆਇਆ ਹੋਵੇ, ਸੇਵਕ ਨੂੰ ਆਪਣੇ ਗੁਰੂ ਦੇ ਦਰਸ਼ਨਾਂ ਦੀ ਇਕ ਝਲਕ ਲੈਣ ਫਿਰ ਵੀ ਜਾਣਾ ਚਾਹੀਦਾ ਹੈ ਜਿਵੇਂ ਕਿ ਧਰਤੀ ਹਰਿਆਵਲ ਨਾਲ ਖਿੜਖੜ ਜਾਂਦੀ ਹੈ ਅਤੇ ਸੁੰਦਰ ਲਗਣ ਲਗ ਪੈਂਦੀ ਹੈ। ਇਸੇ ਤਰ੍ਹਾਂ ਹੀ ਸਿਖ ਆਪਣੇ ਗੁਰੂ ਦੇ ਦਰਸ਼ਨਾਂ ਨਾਲ ਆਤਮਕ ਖੇੜੇ ਅਤੇ ਵਿਸਮਾਦੀ ਅਵਸਥਾ ਵਿਚ ਆ ਜਾਂਦਾ ਹੈ। ਆਪ ਫਰਮਾਉਂਦੇ ਹਨ :

"ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ॥"

ਗੁਰੂ ਰਾਮਦਾਸ ਜੀ ਕੁਦਰਤੀ ਦ੍ਰਿਸ਼ਾਂ ਦੇ ਸੁੰਦਰ ਅਲੰਦਾਰ ਦੇ ਕੇ ਆਪਣੀ ਤਾਂਘ ਨੂੰ ਬਿਆਨ ਕਰਦੇ ਹਨ:

ਪਿਰ ਰਤਿ ਅੜੇ ਮੈਡੇ ਲੋਇਣ ਮੇਰੇ ਪਿਆਰੇ ਚਾਤ੍ਰਿਕ ਬੂੰਦ ਜਿਵੈ॥
ਮਨੁ ਸੀਤਲੁ ਹੋਆ ਮੇਰੇ ਪਿਆਰੇ ਹਰਿ ਬੂੰਦ ਪੀਵੈ॥"

ਗੁਰੂ ਜੀ ਅਨੁਸਾਰ, ਜਿਵੇਂ ਸਾਵਣ ਦੇ ਮਹੀਨੇ ਵਿਚ ਅਨਾਜ ਉਪਜਦਾ ਹੈ ਜੋ ਮਨੁੱਖ ਦੀ ਭੁੱਖ ਦੂਰ ਕਰਦਾ ਹੈ, ਏਸੇ ਤਰ੍ਹਾਂ ਹੀ ਵਾਹਿਗੁਰੂ ਦੇ ਨਾਮ ਨਾਲ ਜੁੜਨ ਨਾਲ ਮਨੁੱਖ ਦੇ ਹਿਰਦੇ ਵਿਚ ਅੰਮ੍ਰਿਤ ਰਸ ਦਾ ਸੰਚਾਰ ਹੁੰਦਾ ਹੈ, ਜਿਸ ਨਾਲ ਉਸ ਦੀਆਂ ਸਾਰੀਆਂ ਭੁੱਖਾਂ ਲਹਿ ਜਾਂਦੀਆਂ ਹਨ। ਗੁਰੂ ਜੀ ਦਸਦੇ ਹਨ :

ਸਾਵਣੁ ਆਇਆ ਝਿਮਝਿਮਾ ਹਰਿ ਗੁਰਮੁਖਿ ਨਾਮੁ ਧਿਆਇ॥
ਦੁਖ ਭੁਖ ਕਾੜਾ ਸਭੁ ਚੁਕਾਇਸੀ ਮੀਹੁ ਵੁਠਾ ਛਹਬਰ ਲਾਇ॥
ਸਭ ਧਰਤੀ ਭਈ ਹਰਿਵਾਲੀ ਅੰਨੁ ਜੰਮਿਆ ਬੋਹਲ ਲਾਇ॥

•••••



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹੱਤਤਾ ਅਤੇ ਸਤਿਕਾਰ ਬਾਰੇ ਜੁਗਤੀਆਂ

(ਗਿਆਨੀ ਊਧਮ ਸਿੰਘ ਜੀ)

ਗੁਰੂ ਗੋਬਿੰਦ ਸਿੰਘ ਜੀ ਦੇ ਫੈਸਲੇ ਮੁਤਾਬਕ ਗੁਰੂ ਜੋਤਿ ਦਾ ਪ੍ਰਕਾਸ਼ ਗੁਰੂ ਗ੍ਰੰਥ ਵਿਚ ਅਤੇ ਜੁਗਤ ਦਾ ਅਧਿਕਾਰ ਪੰਜਾਂ ਪਿਆਰਿਆਂ ਨੂੰ ਪ੍ਰਾਪਤ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ "ਵਾਹੁ ਵਾਹੁ ਬਾਣੀ ਨਿਰੰਕਾਰ ਹੈ, ਵਾਕ ਅਨੁਸਾਰ ਸਾਖਿਆਤ ਈਸ਼ਵਰ ਦਾ ਰੂਪ ਹੈ, ਜਿਸ ਦੀ ਓਟ ਰੱਬੀ ਓਟ ਦੇ ਤੁੱਲ ਹੈ।

ਇਹ ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਦੇਣ ਹੈ, ਕੇ ਉਨ੍ਹਾਂ ਨੇ ਸ਼ਬਦ ਗੁਰੂ ਦੇ ਸਿਧਾਂਤ ਨੂੰ ਪ੍ਰਗਟ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਥਾਪਿਆ।

ਸਤਿਗੁਰਾਂ ਦੇ ਸਮੇਂ ਉਨ੍ਹਾਂ ਦੇ ਮੁਖ ਵਾਕ ਤੋਂ ਜੋ ਜੀਵਨ ਦੀ ਪ੍ਰੇਰਨਾ ਮਿਲਦੀ ਸੀ, ਉਹੀ ਹੁਣ ਗੁਰ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਤੋਂ ਪ੍ਰਾਪਤ ਹੋਂਦੀ ਹੈ।

ਜਿਵੇਂ ਗੁਰੂਆਂ ਦੇ ਸਰੀਰ ਰੱਬੀ ਜੋਤਿ ਦੇ ਪ੍ਰਕਾਸ਼ ਕਾਰਣ ਗੁਰੂ ਸਨ, ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੋਤਿ ਰੂਪ ਗੁਰ ਬਾਣੀ ਕਾਰਣ ਸਤਿਗੁਰੂ ਹਨ।

ਸਿੱਖੀ ਦਾ ਧਾਰਣੀ ਹੋਣ ਲਈ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅੰਮ੍ਰਿਤ ਪਾਨ ਕਰਕੇ ਪੰਜਾਂ ਪਿਆਰਿਆਂ ਤੋਂ ਨਾਮ ਮੰਤ੍ਰ ਪ੍ਰਾਪਤ ਕਰਨਾ ਜ਼ਰੂਰੀ ਹੈ।

ਸਮੁੱਚੀ ਸਿੱਖ ਕੌਮ ਦੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ, ਹੋਰ ਕੋਈ ਵੀ ਮਨੁੱਖ ਗੁਰੂ ਨਹੀਂ ਬਣ ਸਕਦਾ ਅਤੇ ਨਾ ਗੁਰੂ ਅਖਵਾ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਬੇਮੁਖ ਹੋ ਕੇ ਕਿਸੇ ਹੋਰ ਨੂੰ ਗੁਰੂ ਮੰਨਣਾ ਇਉਂ ਹੈ, ਜਿਵੇਂ ਕੋਈ ਅਪਣੇ ਪਿਤਾ ਨੂੰ ਛਡ ਕੇ ਕਿਸੇ ਹੋਰ ਨੂੰ ਪਿਤਾ ਮੰਨ ਲਵੇ।

ਸਿੱਖ ਪੰਥ ਦੀ ਰਾਹਨੁਮਾ ਗੁਰਬਾਣੀ ਹੈ, ਬਾਣੀ (ਸਬਦ ਗੁਰੂ ਗੁਰੂ ਗ੍ਰੰਥ ਸਾਹਿਬ) ਤੋਂ ਬੇਮੁਖ ਹੋਣ ਵਾਲਿਆਂ ਦਾ ਜੀਵਨ ਕਦੇ ਨਹੀਂ ਸਉਰ ਸਕਦਾ।

ਗੁਰੂ ਗ੍ਰੰਥ ਸਾਹਿਬ ਅਜਿਹਾ ਸੀਤਲਤਾ ਭਰਿਆ ਸਮੁੰਦਰ ਹੈ, ਜਿਸ ਦੀ ਆਤਮ ਛੋਹ ਪ੍ਰਾਪਤ ਕਰਨ ਵਾਲਾ ਹਰ ਤਿਪਸ਼ ਹਿਰਦਾ, ਸ਼ਾਂਤ ਹੋ ਜਾਂਦਾ ਹੈ।

ਸਿੱਖ ਧਰਮ ਦਾ ਧਾਰਨੀ ਉਹੀ ਹੈ, ਜਿਸ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਤੇ ਗੁਰ ਮੰਤ੍ਰ ਪ੍ਰਾਪਤ ਕੀਤਾ ਹੋਵੇ।

ਜਿਸ ਮਨੁੱਖ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਸ਼ਾਂਤੀ ਪ੍ਰਾਪਤ ਨਹੀਂ ਹੋਈ, ਉਸ ਨੂੰ ਦੁਨੀਆਂ ਦਾ ਹੋਰ ਕੋਈ ਵੀ ਉਪਦੇਸ਼ ਸ਼ਾਂਤ ਨਹੀਂ ਕਰ ਸਕਦਾ।

ਆਤਮਕ ਅਵੱਸਥਾ ਉਸੇ ਸਿੱਖ ਦੀ ਉਚੀ ਹੋ ਸਕਦੀ ਹੈ, ਜੋ ਗੁਰੂ ਗ੍ਰੰਥ ਸਾਹਿਬ ਨੂੰ ਸਤਿਗੁਰਾਂ ਦਾ ਪ੍ਰਤੱਖ ਰੂਪ ਜਾਨ ਕੇ ਦਰਸ਼ਨ ਤੇ ਪਾਠ ਕਰੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੱਬੀ ਬਾਣੀ ਸੰਸਾਰ ਭਰ ਦੀ ਮਾਨਵਤਾ ਲਈ ਭਾਈਚਾਰਕ, ਸਦਾਚਾਰ ਅਥਵਾ ਰੂਹਾਨੀਅਤ ਦਾ ਅਮੁੱਲਾ ਖਜ਼ਾਨਾ ਹੈ।

ਗੁਰੂ ਜੋਤਿ ਦੇ ਦੀਦਾਰ ਲਈ ਨੇਤਰਾਂ ਰਾਹੀਂ ਗੁਰੂ ਗ੍ਰੰਥ ਸਾਹਿਬ ਦੇ ਅਕਾਰ ਸਰੂਪ ਦੇ ਨਾਲ ਨਾਲ ਸੁਰਤ ਦੁਆਰਾ ਸਬਦ ਦਾ ਧਿਆਨ ਵੀ ਜ਼ਰੂਰੀ ਹੈ।

ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਤਾਂ ਹਰ ਕੋਈ ਕਰਦਾ ਹੈ ਪਰ ਕੋਈ ਵਿਰਲਾ ਹੈ ਜੋ ਸਬਦ ਦੀ ਕਮਾਈ ਦੁਆਰਾ ਗੁਰੂ ਸਤਾ ਨੂੰ ਅਨੁਭਵ ਕਰੇ।

ਸੰਸਾਰ ਭਰ ਦੇ ਮਨੁੱਖਾਂ ਨੂੰ ਜੇ ਏਕਤਾ ਵਿਚ ਕੋਈ ਸ਼ਕਤੀ ਪ੍ਰੋ ਸਕਦੀ ਹੈ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹੈ, ਜੇ ਇਸ ਤੇ ਦੁਨੀਆਂ ਅਮਲ ਕਰੇ।



www.AKJ.Org

ਗੁਰਦੁਆਰੇ ਸਾਹਿਬ ਵਿਖੇ ਜਦ ਤਕ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਰਹੇ, ਘਟੋ ਘਟ ਇਕ ਸੇਵਾਦਾਰ ਜ਼ਰੂਰ ਹਾਜ਼ਰ ਰਹਿਣਾ ਚਾਹੀਦਾ ਹੈ।

ਕਿਸੇ ਗੁਰਦੁਆਰੇ ਦੇ ਵਿਚੋਂ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾ ਹੋਰ ਕੋਈ ਪੂਜਾ ਅਸਥਾਨ ਜਾਂ ਕੋਈ ਥੜ੍ਹਾ ਅਤੇ ਮੂਰਤੀ ਆਦਿ ਨਹੀਂ ਬਨਾਣੀ ਚਾਹੀਦੀ।

ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਗੱਦੀ ਲਾ ਕੇ ਨਹੀਂ ਬੈਠਣਾ ਜਾਂ ਕਿਸੇ ਨੂੰ ਬੈਠਣ ਦੇਣਾ ਚਾਹੀਦਾ, ਤੇ ਨਾ ਹੀ ਕਿਸੇ ਨੂੰ ਮੱਥਾ ਟੇਕਣਾ ਜਾਂ ਟਿਕਾਣਾ ਚਾਹੀਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਤੋਂ ਉਚੇ ਥਾਂ ਤੇ ਕਿਸੇ ਸੰਤ ਮਹੰਤ ਨੂੰ ਰਿਹਾਇਸ਼ ਨਹੀਂ ਰੱਖਣੀ ਚਾਹੀਦੀ ਅਤੇ ਨਾ ਹੀ ਰੱਖਣ ਦੇਣੀ ਚਾਹੀਦੀ ਹੈ।

ਸਿੱਖ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ, ਸਿੱਖੀ ਬਾਣੇ, ਅਤੇ ਸਿੱਖੀ ਰਹਿਤ ਲਈ ਤਤਪਰ ਰਹਿਣਾ ਚਾਹੀਦਾ ਹੈ, ਇਨ੍ਹਾਂ ਤੇ ਆਂਚ ਨਹੀਂ ਆਉਣੀ ਚਾਹੀਦੀ।

ਜਿਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਂਦਾ ਹੈ, ਉਥੇ ਕਿਸੇ ਨੂੰ ਉਚੇਚਾ ਅੱਗੇ ਲਿਆ ਬਿਠਾਣਾ ਤੇ ਸੰਗਤ ਨੂੰ ਪਿਛੇ ਹਟਾਣਾ, ਸਿੱਖੀ ਪਰੰਪਰਾ ਦੇ ਉਲਟ ਹੈ।

ਕਿਸੇ ਮਾਈ ਭਾਈ ਨੂੰ ਉਥੇ ਮੰਜੀ, ਕੁਰਸੀ ਜਾਂ ਥੜੇ ਤੇ ਨਹੀਂ ਬੈਠਣਾ ਚਾਹੀਦਾ, ਜਿਥੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਸਥਾਨ ਤੇ ਨਜ਼ਰ ਪੈਂਦੀ ਹੋਵੇ।

ਕਿਸੇ ਵੱਡੇ ਤੋਂ ਵੱਡੇ ਮਨੁੱਖ ਜਾਂ ਸੰਤ ਸਾਧ ਦੇ ਸਵਾਗਤ ਲਈ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਜਾਂ ਕੀਰਤਨ ਕਰਨਾ, ਗੁਰਬਾਣੀ ਦੀ ਬੇਅਦਬੀ ਹੈ।

ਜੋ ਸਮਾਗਮ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਹੋ ਰਿਹਾ ਹੋਵੇ, ਉਸ ਵਿੱਚ ਆਣ ਵਾਲੇ ਕਿਸੇ ਵਿਅਕਤੀ ਨੂੰ ਮੁਖ ਮਹਿਮਾਨ ਕਹਿਣਾ ਅਯੋਗ ਗੱਲ ਹੈ।

ਜੁਰਾਬਾਂ ਪਾ ਕੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਣਾ ਯੋਗ ਨਹੀਂ, ਪਰ ਕਿਸੇ ਮਜ਼ਬੂਰੀ ਕਾਰਣ ਸੰਗਤ ਵਿਚ ਬੈਠ ਜਾਣ ਦਾ ਕੋਈ ਹਰਜ਼ ਨਹੀਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸਤ ਸੰਗ ਅਸਥਾਨ ਤੇ ਮਾਈ ਭਾਈ ਨੂੰ ਆਪੋ ਵਿਚ ਬੋਲ ਕਬੋਲ ਜਾਂ ਬਹਿਸ ਮੁਬਾਹਿਸਾ ਨਹੀਂ ਕਰਨਾ ਚਾਹੀਦਾ।

ਸਹੂਲਤ ਹੋਵੇ ਤਾਂ ਗੁਰਦੁਆਰੇ ਵੀ ਪੈਰ ਧੋਕੇ ਜਾਨਾ ਚਾਹੀਦਾ ਹੈ, ਪਰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਕਦੇ ਪੈਰ ਧੋਤੇ ਬਿਨਾਂ ਨਹੀਂ ਬੈਠਣਾ ਚਾਹੀਦਾ।

ਕਿਸੇ ਮਨੁੱਖ ਦੇ ਗੱਲੇ ਤੋਂ ਲੱਥਾ ਹੋਇਆ ਹਾਰ ਜਾਂ ਉਸ ਥਾਂ ਤੇ ਪਾਇ ਫੁੱਲ, ਜਿੱਥੇ ਕਿਸੇ ਦਾ ਪੈਰ ਆਉਂਦਾ ਹੋਵੇ, ਗੁਰੂ ਗ੍ਰੰਥ ਸਾਹਿਬ ਤੇ ਨਹੀਂ ਪਾਨੇ ਚਾਹੀਦੇ।

ਪ੍ਰਕਾਸ਼ ਵਾਲੀ ਥਾਂ ਦੀ ਅਜਿਹੀ ਬਣਤਰ ਤੋਂ ਸੰਕੋਚ ਕਰਨਾ ਚਾਹੀਦਾ ਹੈ ਕੇ ਪ੍ਰਕਾਸ਼ ਵਾਲੇ ਥਾਂ ਤੇ ਹੇਠਾਂ ਥੜੇ ਤੇ ਬੀੜ ਹੋਵੇ ਅਤੇ ਉਤੇ ਗ੍ਰੰਥੀ ਸਿੰਘ ਬੈਠੇ।

ਕਿਸੇ ਮੰਦਰ ਸਮਾਧ ਜਾਂ ਹੋਰ ਅਸਥਾਨ ਤੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਤੋਂ ਬਿਨਾਂ ਕਿਸੇ ਗੁਰ ਸਿਖ ਮਾਈ ਭਾਈ ਨੂੰ ਮੱਥਾ ਨਹੀਂ ਟੇਕਨਾ ਚਾਹੀਦਾ।

ਹਰ ਮੰਦਿਰ ਸਾਹਿਬ ਦੀ ਪ੍ਰਕਰਮਾਂ ਵਿਚ ਬਾਬਾ ਦੀਪ ਸਿੰਘ ਦੇ ਸ਼ਹੀਦੀ ਅਸਥਾਨ ਦੇ ਅੱਗੇ ਫਰਸ਼ ਤੇ ਪੱਥਰ ਨੂੰ ਮੱਥਾ ਟੇਕਣਾ ਘੋਰ ਮਨ ਮਤਿ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਦੇ ਵਿਚ ਬੀਬੀਆ ਨੂੰ ਘੁੰਡ ਕੱਢ ਕੇ ਨਹੀਂ ਬੈਠਣਾ ਚਾਹੀਦਾ, ਅਤੇ ਨਾ ਹੀ ਕਿਸੇ ਨੂੰ ਨੰਗੇ ਸਿਰ ਬੈਠਣਾ ਚਾਹੀਦਾ ਹੈ।

ਮਾਤਾ ਪਿਤਾ, ਧੀ ਨੂੰ ਸਹੁਰੇ ਘਰ ਤੋਰਨ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇਣੀ ਤਾਂ ਇਹ ਕਹਿਣਾ ਯੋਗ ਨਹੀਂ ਹੈ ਕੇ ਬੀੜ ਦਾਜ ਵਿੱਚ ਦਿੱਤੀ ਗਈ ਹੈ।


www.AKJ.Org

ਗੁਰੂ ਗ੍ਰੰਥ ਸਾਹਿਬ ਦੀ ਬੀੜ ਘਟੋ ਘਟ ਪੰਜ ਸਿਖ ਪਹਿਲਾਂ ਲੜਕੀ ਦੇ ਘਰ ਜਾ ਕੇ ਸਥਾਪਤ ਕਰਨ ਸਮਾਨ ਦੇ ਨਾਲ ਬੀੜ ਲੈ ਜਾਨੀ ਯੋਗ ਨਹੀਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਹੁੰ ਚੁੱਕਣ ਲਈ ਮਹਾਰਾਜ ਦੀ ਬੀੜ ਨੂੰ ਕਚਿਹਰੀਆਂ ਦੇ ਵਿਚ ਲੈ ਕੇ ਜਾਨਾ ਮਹਾਨ ਅਵੱਗਿਆ ਅਤੇ ਬੇਅਦਬੀ ਹੈ।

ਕਿਸੇ ਵੀ ਦੂਜੀ ਜਗ੍ਹਾ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਅਸਵਾਰਾ ਸਾਹਿਬ ਲੈ ਜਾਨ ਜਾਂ ਲਿਆਉਣ ਸਮੇਂ ਘੱਟੋ ਘੱਟ ਪੰਜ ਸਿੱਖ ਨਾਲ ਹੋਣੇ ਜ਼ਰੂਰੀ ਹਨ।

ਜੋ ਸਿੱਖ ਅੰਤਲੇ ਸਵਾਸਾਂ ਤੱਕ ਨੇਮ ਤੇ ਸ਼ਰਧਾ ਨਾਲ ਰੋਜ ਗੁਰੂ ਗ੍ਰੰਥ ਸਾਹਿਬ ਦੇ ਦਰਸ਼ਨ ਪਾਠ ਕਰੇ, ਉਹ ਜਮਾਂ ਦੀ ਫਾਹੀ ਵਿਚ ਨਹੀਂ ਆ ਸਕਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨ ਬੀੜ ਲਾਇਬਰੇਰੀ ਦੇ ਵਿਚ ਆਮ ਪੁਸਤਕ ਵਾਂਗ ਰੱਖਣੀ ਤੇ ਰੇਲ੍ਹ ਤੇ ਧਰਕੇ ਪਾਠ ਕਰਨਾ ਬੇਅਦਬੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਦੇ ਵਿਚ ਕੋਈ ਵੀ ਸੰਸਕਾਰ, ਗੁਰੂ ਗੋਬਿੰਦ ਸਿੰਘ ਜੀ ਦੀ ਰਾਇ ਦੇ ਵ੍ਰਿਧ ਨਾ ਹੋ ਸਕਦਾ ਹੈ ਅਤੇ ਨਾ ਹੀ ਉਹ ਗੁਰਮਤਿ ਹੈ।

ਗੁਰੂ ਗ੍ਰੰਥ ਸਾਹਿਬ ਤੋਂ ਨਾਂ ਰਖਾਣ ਵਾਲੇ ਸਹਜ ਧਾਰੀ ਨੂੰ ਵੀ ਚਾਹੀਦਾ ਹੈ ਕੇਸ ਰੱਖੇ ਅਤੇ ਪੱਗ ਬੰਨ੍ਹੇ ਹੁਕਮ ਹੈ "ਸਾਬਤ ਸੂਰਤ ਦਸਤਾਰ ਸਿਰਾ।"

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਗੀਤਾ ਰਮਾਇਣ ਜਾ ਕੁਰਾਨ ਆਦਿ ਦਾ ਰੱਖਣਾ ਅਯੋਗ ਗੱਲ ਹੈ, ਕਿਉਂਕਿ ਇਹ ਗ੍ਰੰਥ ਤਾਂ ਹਨ ਗੁਰੂ ਗ੍ਰੰਥ ਨਹੀਂ।

ਦਸਮ ਗ੍ਰੰਥ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਪ੍ਰਕਾਸ਼ ਨਹੀਂ ਹੋ ਸਕਦਾ, ਪਰ ਗੁਰ ਸਿੱਖੀ ਦੇ ਲਾਭ ਲਈ ਉਸ ਦਾ ਹੋਣਾ ਲਾਭਦਾਇਕ ਹੈ।

ਦਸਮ ਗ੍ਰੰਥ ਵਿੱਚ ਕਈ ਪੁਰਾਣਕ ਕਥਾਵਾਂ ਦੇ ਉਲਥੇ ਅਤੇ ਸਮਾਜਕ ਕਹਾਣੀਆਂ ਹਨ, ਜਿਨ੍ਹਾਂ ਨੂੰ ਗੁਰਬਾਣੀ ਦੇ ਤੁਲ ਨਹੀਂ ਮੰਨਿਆ ਜਾ ਸਕਦਾ।

ਇਸ ਵਿੱਚ ਜਾਪ, ਸ੍ਵੱਯੇ, ਸ਼ਬਦ ਹਜ਼ਾਰੇ ਤੇ ਚੋਪਈਆਂ ਆਦਿ ਬਾਣੀਆਂ, ਗੁਰ ਬਾਣੀ ਦੇ ਤੁਲ ਹਨ, ਪਰ ਗੁਰਤਾ ਗੁਰੂ ਗ੍ਰੰਥ ਸਾਹਿਬ ਨੂੰ ਹੀ ਪ੍ਰਾਪਤ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਟੀਕ ਜਿਲਦ ਭਾਵੇਂ ਬੀੜ ਜੇਡੀ ਹੀ ਹੋਵੇ, ਉਸ ਦਾ ਗੁਰੂ ਗ੍ਰੰਥ ਸਾਹਿਬ ਦੀ ਥਾਂ ਤੇ ਜਾਂ ਬਰਾਬਰ ਪ੍ਰਕਾਸ਼ ਨਹੀਂ ਹੋਣਾ ਚਾਹੀਦਾ।

ਕਿਸੇ ਵੱਖਰੇ ਕਮਰੇ ਵਿੱਚ ਸੰਗਤਾਂ ਦੇ ਪਾਠ ਲਈ ਪ੍ਰਕਾਸ਼ ਤੋਂ ਬਿਨਾਂ, ਸਤ ਸੰਗ ਹਾਲ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਇਕੋ ਪ੍ਰਕਾਸ਼ ਹੋਣਾ ਚਾਹੀਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਗਿਆਨ, ਭਗਤੀ ਤੇ ਆਤਮ ਸਿੱਖਿਆ ਦਾ ਭੰਡਾਰ ਹੈ, ਜੋ ਮਨੁੱਖ ਮਾਤਰ ਦਾ ਰਾਹ ਨੁਮਾ ਅਤੇ ਜੁਗੋ ਜੁਗ ਅਟੱਲ ਸਤਿਗੁਰੂ ਹੈ।

ਗੁਰੂ ਗ੍ਰੰਥ ਸਾਹਿਬ ਅੱਗੇ ਕੀਤੀ ਅਰਦਾਸ ਸਮੇਂ, ਸਿੱਖ ਦਾ ਮਨ ਪ੍ਰਮਾਤਮ ਜੋਤਿ ਗੁਰ ਸਬਦ ਦੇ ਵੀ ਸਨਮੁਖ ਹੋਣਾ ਚਾਹੀਦਾ ਹੈ, ਦੇਹ ਦੇ ਹੀ ਨਹੀਂ।

ਗੁਰੂ ਗ੍ਰੰਥ ਸਾਹਿਬ ਦੇ ਧਿਆਨ ਤੇ ਸਤਿਕਾਰ ਤੋਂ ਸਾਰਾ ਪੰਥ ਜਾਣੂ ਹੈ, ਪਰ ਸਬਦ ਜੋਤਿ ਰਾਹੀਂ ਬ੍ਰਹਮ ਜੋਤਿ ਵਿਚ ਲੀਨ ਹੋਣ ਵਾਲਾ ਕੋਈ ਵਿਰਲਾ।

ਨੋਟ ਜਾਂ ਨੋਟਾਂ ਦਾ ਪ੍ਰੋਇਆ ਹਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਤੇ ਨਹੀਂ ਰੱਖਣਾ ਚਾਹੀਦਾ, ਕਿਉਂਕਿ ਮਾਇਆ ਦੀ ਥਾਂ ਗੁਰੂ ਦੇ ਚਰਨਾਂ ਵਿਚ ਹੈ, ਉਤੇ ਨਹੀਂ।

ਗੁਰੂ ਗ੍ਰੰਥ ਸਾਹਿਬ ਦੇ ਪੂਰਨ ਪ੍ਰਕਾਸ਼ ਸਰੂਪ ਦਾ ਚਿਤ੍ਰ ਅਖਬਾਰਾਂ ਵਿੱਚ ਛਾਪਨਾ ਭਾਰੀ ਅਵੱਗਿਆ ਹੈ, ਕਿਉਂਕਿ ਅਖਬਾਰ ਪੈਰਾਂ ਵਿੱਚ ਰੁਲਦੇ ਹਨ।



www.AKJ.Org

# ਅਟੱਲ ਗੁਰੂ

ਸ: ਕੰਵਰਜੀਤ ਸਿੰਘ 'ਆਜ਼ਾਦ' ਦਿੱਲੀ

ਅਟੱਲ ਗੁਰੂ ਦੀ ਸੇਵਾ ਕਰ ਲਉ, ਚਾਹੋ ਜੇ ਪਾਰਾ ਉਤਾਰਾ
ਅਟੱਲ ਗੁਰੂ ਤਾਂ ਏਕੁ ਹੀ ਏਕੁ, ਇਕ ਓਅੰਕਾਰ ਅਵਤਾਰਾ॥
ਰੰਗ ਰੂਪ ਤੇ ਰੇਖ ਨੇ ਜਿਸਦਾ, ਨ ਤਾਤ ਮਾਤ ਤੇ ਭ੍ਰਾਤਾ।
ਸਰਬ ਕਲਾ ਸੰਪੂਰਨ ਸੁਆਮੀ, ਸਭ ਵਿਧੀਆਂ ਦਾ ਵਿਧਾਤਾ॥
ਕਾਲਹੀਨ ਅਨਕਾਲ ਸਰੂਪਾ, ਅਦ੍ਵੈ ਉਹ ਅਲਖ ਅਪਾਰਾ।
ਅਟੱਲ ਗੁਰੂ ਤਾਂ ਏਕੁ ਹੀ ਏਕੁ, ਕਰਨ ਕਾਰਨ ਕਰਤਾਰਾ॥
ਬੇਸ਼ੁਮਾਰ ਬੇਅੰਤ ਸੁਆਮੀ, ਕਿਤਿ ਬਿਧਿ ਰੇਖਾ ਉਸਾਰਾਂ।
ਰੰਗ ਭਰਾਂ ਕੀ ਰੰਗ ਨ ਜਿਸਦਾ, ਕਿਵ ਕਰਿ ਮੈਂ ਚਿਤ੍ਰ ਸੰਵਾਰਾਂ॥
ਕਰਿ ਕ੍ਰਿਪਾ ਗੁਰੂ ਅਪਹੀ ਦੀਨੋ, ਸ਼ਬਦ ਚਿਤ੍ਰ ਇਹ ਨਿਆਰਾ।
ਅਟੱਲ ਗੁਰੂ ਤਾਂ ਏਕੁ ਹੀ ਏਕੁ, ਬਣਿ ਸ਼ਬਦ ਪ੍ਰਗਟ ਨਿਰੰਕਾਰਾ॥
ਦੇ ਜੀਵਨ ਹੈ ਰਖਿਆ ਕਰਦਾ, ਆਪੇ ਉਹ ਪਾਲਨ ਹਾਰਾ।
ਆਪੇ ਗੁਰੂ ਆਪੇ ਉਪਦੇਸੈ, ਉਹ ਭਾਗ ਸੰਵਾਰਨ ਹਾਰਾ॥
ਸ਼ਬਦ ਚਿਤ੍ਰ ਹੈ ਉਨ ਹਰਿ ਜੂ ਦਾ, ਸ਼ਬਦ ਹੀ ਹਰਿ ਹੈ ਪਿਆਰਾ।
ਅਟੱਲ ਗੁਰੂ ਤਾਂ ਏਕੁ ਹੀ ਏਕੁ, ਜੋ ਆਦਿ ਪੁਰਖ ਅਵਤਾਰਾ॥
ਆਦਿ ਜੁਗਾਦੋਂ ਹੈ ਭੀ ਹੋਸੀ, ਸੋ ਹੀ ਹੈ ਗੁਰੂ ਹਮਾਰਾ।
ਸ਼ਬਦ ਹਰੀ ਹੈ, ਹਰੀ ਗੁਰੂ ਹੈ, ਮਨਿ ਸ਼ਬਦ ਗੁਰੂ ਨਿਸਤਾਰਾ॥
ਜਦ ਜਦ ਮਿਲਣਾ ਪ੍ਰਭ ਨੂੰ ਚਾਹੋ, ਸ਼ਬਦੋਂ ਕਰਹੁ ਦਰਸਾਰਾ।
ਅਟੱਲ ਗੁਰੂ ਤਾਂ ਏਕੁ ਹੀ ਏਕੁ, ਘਟਿ ਰੂਪ ਅਨੂਪ ਦਇਆਰਾ॥
ਜੁਗ ਜੁਗ ਤੋਂ ਅਟੱਲ ਓਅੰਕਾਰ ਗੁਰੂ, ਹੈ ਜਿਸਦਾ ਸਰਬ ਸਹਾਰਾ।
ਸ਼ਬਦ ਦਾ ਦਰਸ਼ਨ ਹਰਿ ਦਰਸ਼ਨ , ਨਿਤ ਨਿਤ ਨਿੰਵ ਕਰੋ ਨਜ਼ਾਰਾ॥
ਸ਼ਬਦ ਚਿਤ੍ਰ ਹੈ ਅਟੱਲ ਗੁਰੂ ਦਾ, ਮਨ ਪਟ ਤੇ ਕਰੋ ਉਤਾਰਾ।
ਅਟੱਲ ਗੁਰੂ ਤਾਂ ਏਕੁ ਹੀ ਏਕੁ, ਧੰਨ ਗੁਰੂ ਗ੍ਰੰਥ ਅਵਤਾਰਾ॥
ਅਟੱਲ ਗੁਰ ਦੀ ਸੇਵਾ ਕਰ ਲਓ, ਚਾਹੋ ਜੇ ਪਾਰ ਉਤਾਰਾ।
ਧੰਨ ਗੁਰੂ ਗ੍ਰੰਥ, ਧੰਨ ਗੁਰੂ ਗ੍ਰੰਥ, ਨਿਤ ਨਿਤ ਕਰਿਓ ਜੈਕਾਰਾ॥

## ਗੁਰਮਤਿ ਸਾਹਿਤ ਨੂੰ ਰੱਦੀ ਵਿਚ ਨਾ ਵੇਚੋ ਜੀ

*ਸਮੂਹ ਸੰਗਤਾਂ ਪ੍ਰਤੀ ਬੇਨਤੀ ਹੈ ਕਿ ਸੂਰਾ ਪੱਤਰ ਦੇ ਪੁਰਾਣੇ ਅੰਕ ਅਤੇ ਹੋਰ ਗੁਰਮਤਿ ਸਾਹਿਤ ਰੱਦੀ ਵਿਚ ਵੇਚ ਕੇ ਗੁਰਬਾਣੀ ਦੀ ਬੇ-ਅਦਬੀ ਦੇ ਭਾਗੀ ਨਾ ਬਣੋ ਜੀ ਸਗੋਂ ਇਹ ਸਾਹਿਤ ਹੋਰਨਾਂ ਲੋਕਾਂ ਨੂੰ ਪੜ੍ਹਾ ਕੇ ਗੁਰਮਤਿ ਪ੍ਰਚਾਰ ਵਿਚ ਹਿੱਸਾ ਪਾਉ ਜੀ। ਪੁਰਾਣੇ ਸੂਰਾ ਪੱਤਰ ਜਾਂ ਹੋਰ ਸਾਹਿਤ ਸੂਰਾ ਦਫਤਰ ਜਾਂ ਸਟਾਲ ਤੇ ਵੀ ਪਹੁੰਚਾਇਆ ਜਾ ਸਕਦਾ ਹੈ। ਜਿਥੋਂ ਕਿ ਚਾਹਵਾਨ ਸੰਗਤਾਂ ਨੂੰ ਇਹ ਪੁਰਾਣੇ ਅੰਕ ਬਿਲਕੁਲ ਭੇਟਾ ਰਹਿਤ ਦਿੱਤੇ ਜਾਂਦੇ ਹਨ।*

ਸੂਰਾ ਸਹਾਇਤਾ ਫੰਡ ਵਿਚ ਵੱਧ ਤੋਂ ਵੱਧ ਮਾਇਆ ਭੇਜ ਕੇ ਇਸ ਗੁਰਸ਼ਬਦ ਦੇ ਲੰਗਰ ਨੂੰ ਜਾਰੀ ਰੱਖਣ ਵਿਚ ਸਹਾਈ ਹੋਵੋ ਜੀ। *ਦਾਸਰਾ ਸੰਪਾਦਕ*



www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਨੂੰ ਇਕ ਨਵਾਂ ਚੈਂਲੇਂਜ

*(ਸ੍ਰ: ਗਤਿੰਦਰ ਸਿੰਘ)*

ਸਿੱਖ ਵਿਰੋਧੀ ਤਾਕਤਾਂ ਵਲੋਂ ਸਿੱਖੀ ਦੇ ਆਰੰਭਕ ਕਾਲ ਤੋਂ ਹੀ ਪੰਥ ਨੂੰ ਕਿਸੇ ਵੀ ਤਰ੍ਹਾਂ ਢਾਹ ਲਾਉਣ ਦੀਆਂ ਚਾਲਾਂ ਚਲਾਈਆਂ ਜਾਂਦੀਆਂ ਰਹੀਆਂ ਹਨ। ਸੰਨ 1947 ਵਿਚ ਦੇਸ਼ ਦੀ ਆਜ਼ਾਦੀ ਤੋਂ ਮਗਰੋਂ ਕੁਝ ਫਿਰਕੂ ਅਨਸਰਾਂ ਵਲੋਂ ਗਿਣੀ ਮਿਥੀ ਸਾਜਸ਼ਾਂ ਦੇ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਦੀ ਪਦਵੀ ਨੂੰ ਚੈਂਲੇਂਜ ਕਰਨ, ਭੋਲੇ ਭਾਲੇ ਸਿੱਖਾਂ ਨੂੰ ਗੁਮਰਾਹ ਕਰਨ ਤੇ ਪ੍ਰੋਗਰਾਮ ਹੇਠ ਨਕਲੀ ਨਿਰੰਕਾਰੀ, ਰਾਧਾ ਸੁਆਮੀ, ਨਾਮ ਧਰੀਕ ਸਿੱਖ (ਨਾਮਧਾਰੀ ਭੈਣੀ ਵਾਲੇ ਇਤਿਆਦਿ, ਦੇਹ ਧਾਰੀ ਗੁਰੂਤਾ ਦੇ ਅੱਡੇ ਕਾਇਮ ਕੀਤੇ ਗਏ ਅਤੇ ਹਰ ਹੀਲੇ ਇਹਨਾਂ ਨਕਲੀ ਗੁਰੂ ਡੰਮ ਦੇ ਡੇਰਿਆਂ ਨੂੰ ਪ੍ਰਫੁਲੱਤ ਕੀਤਾ ਗਿਆ। ਪਰੰਤੂ 1978 ਦੇ ਸਾਕੇ ਨੇ ਸਾਬਤ ਕਰ ਦਿਤਾ ਕਿ ਸਿੱਖ ਕਿਸੇ ਵੀ ਹਾਲਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਤੁੱਲ ਕਿਸੇ ਵੀ ਦੇਹਧਾਰੀ ਨੂੰ ਪ੍ਰਵਾਨ ਨਹੀਂ ਕਰਨਗੇ। ਇਸੇ ਖੂਨੀ ਸਾਕੇ ਤੋਂ ਆਰੰਭ ਹੋਇਆ ਦੋ ਦਹਾਕਿਆ ਦਾ ਦੁਖਾਂਤ ਸਿੱਖਾਂ ਨੇ ਆਪਣੇ ਪਿੰਡੇ ਤੇ ਹੰਢਾਇਆ ਅਤੇ ਇਹਨਾਂ ਦੋ ਖੂਨੀ ਦਹਾਕਿਆਂ ਦੇ ਜ਼ਖ਼ਮ ਅਜੇ ਹਰੇ ਹੀ ਹਨ ਕਿ ਬੇਸ਼ਰਮੀ ਦੀ ਹੱਦ ਬੰਨੇ ਟੱਪ ਚੁਕੇ ਫਿਰਕੂ ਅਨਸਰਾਂ ਨੇ ਇਹਨਾਂ ਦੋ ਖੂਨੀ ਦਹਾਕਿਆਂ ਤੋਂ ਸਬਕ ਨਾ ਲੈਂਦਿਆਂ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਨੂੰ ਚੈਂਲੇਂਜ ਕਰਨ ਅਤੇ ਗੁਰੂ ਸਾਹਿਬ ਦੇ ਤੁੱਲ (ਜੁਗੋ ਜੁਗ ਅਟਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ) ਦਸ਼ਮ ਗ੍ਰੰਥ ਨੂੰ ਗੁਰੂ ਉਪਾਧੀ ਦੇਣ ਦਾ ਨਵਾਂ ਪੈਂਤੜਾ ਚਲਾ ਕੇ ਫਿਰਕੂ ਫਸਾਦ ਕਰਵਾਉਣ ਦੀ ਤਿਆਰੀ ਆਰੰਭ ਦਿਤੀ ਹੈ।

-੧੯੯੧-੯੨ ਵਿਚ ਆਰ. ਐਸ. ਐਸ. ਵਲੋਂ ਪ੍ਰਕਾਸ਼ਤ 'ਸੰਗਤ ਸੰਦੇਸ਼' ਨਾਂ ਦੇ ਪਰਚੇ ਵਿਚ, ਦਸਮ ਗ੍ਰੰਥ ਬਾਰੇ ਪ੍ਰਕਾਸ਼ਤ ਲੇਖਾਂ ਵਿਚ ਦਸਮ ਗ੍ਰੰਥ ਪ੍ਰਤੀ "ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ" ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ "ਆਦਿ ਗ੍ਰੰਥ ਸਾਹਿਬ" ਲਫ਼ਜ਼ ਵਰਤ ਕੇ ਸੰਘ ਪਰਵਾਰ ਨੇ ਆਪਣੀ ਇਹ ਕੋਝੀ ਮਨਸ਼ਾ ਜ਼ਾਹਰ ਕਰ ਦਿਤੀ ਸੀ। ਇਸੇ ਗਿਣੀ ਮਿਥੀ ਸਾਜਸ਼ ਨੂੰ ਮੁਖ ਰਖਦਿਆਂ ਵਾਰਾਣਸੀ ਦੇ "ਭੁਵਨ ਬਾਣੀ ਪ੍ਰਕਾਸ਼ਨ" ਵਲੋਂ ਦਸਮ ਗ੍ਰੰਥ ਦਾ ਟੀਕਾ ਪ੍ਰਕਾਸ਼ਤ ਕੀਤਾ ਗਿਆ। ਇਹ ਟੀਕਾ ਪਟਿਆਲਾ ਦੇ ਇਕ ਸਿੱਖ (ਜਾਂ ਸਿੱਖ ਭੇਸ ਅਤੇ ਸਿੱਖ ਨਾਮ ਵਾਲੇ) ਵਿਦਵਾਨ ਡਾ: ਜੋਧ ਸਿੰਘ ਵਲੋਂ ਕੀਤਾ ਗਿਆ ਹੈ। ਉਪਰੋਕਤ ਟੀਕੇ ਦੀ ਭੂਮਿਕਾ ਵਿਚ ਵੀ ਇਹੋ ਹਤੱਕ ਦੁਹਰਾਈ ਗਈ ਹੈ। ਚਵਰ ਤਖ਼ਤ ਦੇ ਮਾਲਕ, ਜੁਗੋ ਜੁਗ ਅਟਲ, ਦਸਾਂ ਗੁਰੂਆਂ ਦੀ ਆਤਮਕ ਜੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਤਾਂ "ਆਦਿ ਗ੍ਰੰਥ ਸਾਹਿਬ" ਅਤੇ ਦਸ਼ਮ ਗ੍ਰੰਥ ਦੇ ਪ੍ਰਤੀ ਦਸ਼ਮ ਸ੍ਰੀ ਗੁਰੂ ਗ੍ਰੰਥ ਸਾਹਿਬ" ਲਫ਼ਜ਼ ਵਰਤੇ ਹਨ।

ਮੋਗਾ ਜ਼ਿਲਾ ਦੇ ਇਕ ਪਿੰਡ 'ਮਹਿਰੋ' ਦੀ ਇਕ ਨਿਹੰਗ ਸੰਪਰਦਾ ਨੂੰ ਅਗੇ ਲਾਕੇ ਦਸਮ ਗ੍ਰੰਥ ਦਾ ਟੀਕਾ ਅਤੇ ਸਰੂਪ ਪ੍ਰਕਾਸ਼ਤ ਕਰਵਾਇਆ ਜਾ ਰਿਹਾ ਹੈ। ਉਪਰੋਕਤ ਪ੍ਰਕਾਸ਼ਨਾਵਾਂ ਦੇ ਲਈ ਸਹਿਯੋਗ ਮੰਗਣ ਵਾਸਤੇ ਛਾਪੇ ਗਏ ਇਕ ਪੈਫਲੈਂਟ (ਪਰਚੇ) ਵਿਚ ਵੀ ਇਹੋ ਜਿਹੇ ਲਫ਼ਜ਼ ਵਰਤੇ ਗਏ ਹਨ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ "ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ" ਅਤੇ ਦਸ਼ਮ ਗ੍ਰੰਥ ਲਈ "ਦਸ਼ਮ ਸ੍ਰੀ ਗੁਰੂ ਗ੍ਰੰਥ ਸਾਹਿਬ"।

ਉਪਰੋਕਤ ਪਰਚੇ ਵਿਚ ਇਸ ਕਾਰਜ ਲਈ ਸਹਾਇਤਾ ਮੰਗਦਿਆਂ ਬਿਨੈ ਕਰਤਾਵਾਂ ਨੇ ਆਪਣੇ ਨਾਂ ਵੀ ਬੜੀ ਸ਼ਾਨ ਦੇ ਨਾਲ ਛਾਪੇ ਹਨ।

ਇਸੇ ਸਾਜ਼ਸ਼ ਦੇ ਇਕ ਹਿੱਸੇ ਵਜੋਂ ਕੰਮ ਕਰਦਿਆਂ ਦਿੱਲੀ (ਮਹਿਰੌਲੀ) ਦੇ ਇਕ ਸੰਤ ਕਹਾਉਂਦੇ ਬਾਬੇ ਨੇ ਇਹ ਸ਼ੋਸ਼ਾ ਛਡਿਆ ਹੈ ਕਿ ਉਹ ਹਰ ਗੁਰਦੁਆਰੇ ਦੇ ਵਿਚ "ਦਸਮ ਗ੍ਰੰਥ" ਦਾ ਪ੍ਰਕਾਸ਼ ਕਰਵਾਇਗਾ।

ਜਾਗਤ ਜੋਤ "ਸ੍ਰੀ ਗੁਰੂ ਗ੍ਰੰਥ ਸਾਹਿਬ" ਦੀ ਤੁੱਲ ਕਿਸੇ ਵੀ, ਕਿਤਨੇ ਵੀ, ਸਨਮਾਨਤ ਅਥਵਾ ਕਿਸੇ ਵੀ ਰੂਪ ਵਿਚ ਪੜ੍ਹੇ ਜਾਣ ਵਾਲੇ ਧਾਰਮਿਕ ਗ੍ਰੰਥ ਦਾ ਪ੍ਰਕਾਸ਼ ਨਹੀਂ ਕੀਤਾ ਜਾ ਸਕਦਾ। ਇਹ ਗੱਲ ਸਿੱਖ ਰਹਿਤ ਮਰਯਾਦਾ ਦੇ ਵਿਚ ਵਿਸ਼ੇਸ਼ ਤੌਰ ਤੇ ਅੰਕਿਤ ਹੈ :-

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਕਰ (ਤੁਲ) ਕਿਸੇ ਪੁਸਤਕ ਨੂੰ ਅਸਥਾਪਣ ਨਹੀਂ ਕਰਨਾ"*

(ਹ, ਗੁਰਦੁਆਰੇ, ਸਿੱਖ ਰਹਿਤ ਮਰਯਾਦਾ)

ਸਿੱਖ ਰਹਿਤ ਮਰਯਾਦਾ ਦੇ ਹੀ 'ਗੁਰਮਤਾ ਕਰਨ ਦੀ ਵਿਧੀ' ਨਾਂ ਦੇ ਕਾਲਮ ਰਾਹੀਂ ਵੀ ਇਹ ਗੱਲ

*ਭਾਵ ਕਿ ਚਵਰ, ਚੰਦੋਆ, ਤਖਤ, ਪੀੜਾ ਆਦਿ ਲਾ ਕੇ ਪ੍ਰਕਾਸ਼ ਕਰਨਾ, ਹੁਕਮ ਲੈਣਾ ਜਾਂ ਅਰਦਾਸ ਕਰਨੀ।



www.AKJ.Org

ਸਪਸ਼ਟ ਹੁੰਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰੂਤਾ ਦੀ ਪਦਵੀ ਉਹ ਅਹਿਮ ਮਸਲਾ ਹੈ, ਜਿਸ ਬਾਬਤ ਅੰਮ੍ਰਿਤਧਾਰੀ ਸ਼ਿਰੋਮਣੀ ਸਿੱਖਾਂ ਦਾ ਇਕੱਠ ਹੀ ਗੁਰਮਤਾ ਕਰ ਸਕਦਾ ਹੈ।

ਦਸ਼ਮ ਗ੍ਰੰਥ ਵਿਚਲੀਆਂ ਬਾਣੀਆਂ ਦਾ ਦਸ਼ਮੇਸ਼ ਕ੍ਰਿਤ ਹੋਣਾ ਜਾਂ ਨਾਂ ਹੋਣਾ, ਇਕ ਅਲਹਿਦਾ ਵਿਸ਼ਾ ਹੈ। ਇਹ ਮਾਮਲਾ ਵਿਦਵਾਨਾਂ ਦੇ ਦ੍ਰਿਸ਼ਟੀ ਗੋਚਰੇ ਹੈ ਅਤੇ ਹੋਰ ਵੀ ਮੁਕਤ ਮਨ ਨਾਲ ਇਸ ਬਾਬਤ ਪੰਥਕ ਇਕ ਰਾਇ ਬਣਨੀ ਚਾਹੀਦੀ ਹੈ ਕਿ ਕਿਹੜੀਆਂ ਬਾਣੀਆਂ ਦਸ਼ਮੇਸ਼ ਕ੍ਰਿਤ ਹਨ, ਕਿਹੜੀਆਂ ਦਰਬਾਰੀ ਕਵੀਆਂ ਦੀ ਕ੍ਰਿਤ ਹਨ, ਅਤੇ ਕਿਹੜੀਆਂ ਮਿਲਾਵਟ ਕੀਤੀਆਂ ਗਈਆਂ ਹਨ।

ਇਸ ਬਾਬਤ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 14 ਮਈ ੨੦੦੦, ਨੂੰ ਹੋਈ ਇਕ ਮੀਟਿੰਗ ਤੋਂ ਉਪਰੰਤ ਇਕ ਮਤਾ ਪਾਸ ਕਰਕੇ ਕਮੇਟੀ ਬਨਾਉਣ ਨੂੰ ਵੀ ਕਿਹਾ ਗਿਆ ਹੈ। ਲੇਕਿਨ ਸਭ ਤੋਂ ਪਹਿਲਾਂ ਲਾਜ਼ਮੀ ਇਹ ਹੈ ਕਿ ਪੰਥ ਦਰਦੀ ਇਸ ਸਾਜਸ਼ ਨੂੰ ਸਮਝਦਿਆਂ ਹੋਇਆ, ਆਪਸੀ ਫੁੱਟ ਪਾਉਣ, ਸਿੱਖੀ ਨੂੰ ਖੋਰਾ ਲਾਉਣ, ਅਤੇ ਚੋਰ ਮੋਰੀਓਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰੂਤਾ ਨੂੰ ਚੈਲੇਂਜ ਕਰਨੀ ਵਾਲੀ, ਇਸ ਗਹਿਰੀ ਸਾਜ਼ਸ਼ ਨੂੰ ਸਮਝਣ ਅਤੇ ਸ਼ਰਾਰਤੀ ਅਨਸਰਾ ਵਲੋਂ 'ਦਸਮ ਗ੍ਰੰਥ' ਨਾਲ ਲਾਏ 'ਸ੍ਰੀ ਗੁਰੂ ਅਤੇ ਸਾਹਿਬ' ਲਫ਼ਜ਼ਾਂ ਨੂੰ ਹਟਾਉਣ ਲਈ ਸਾਂਝਾ ਹੰਭਲਾ ਮਾਰਨ।

ਜੇ ਅਸੀਂ ਹੁਣ ਨਾ ਜਾਗ੍ਰੇ ਤਾਂ ਦੇਹਧਾਰੀ ਗੁਰੂਡੰਮ ਵਾਂਗੂ ਇਹ ਮਸਲਾ ਭਵਿੱਖ ਵਿਚ ਸਿੱਖ ਪੰਥ ਲਈ ਇਕ ਵੱਡੇ ਦੁਖਾਂਤ ਦਾ ਕਾਰਣ ਬਣ ਸਕਦਾ ਹੈ। ਇਸ ਹਾਲਤ ਵਿਚ ਸਾਡੀ ਆਉਣ ਵਾਲੀ ਪੀੜੀ ਸਾਨੂੰ ਹੀ ਦੋਸ਼ੀ ਠਹਿਰਾਇਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ "ਆਦਿ ਗ੍ਰੰਥ ਸਾਹਿਬ" ਲਫ਼ਜ਼ ਵਰਤਣ ਵਾਲੇ ਵਿਦਵਾਨ ਸਜਣਾਂ ਨੂੰ ਗਿਆਨੀ ਮੇਵਾ ਸਿੰਘ ਜੀ (ਗੁਰਪੁਰ ਵਾਸੀ) ਵਲੋਂ ਇਸ ਬਾਬਤ ਸਮੇਂ-ਸਮੇਂ ਸਿਰ ਕੀਤੀਆਂ ਤਾੜਨਾਵਾਂ ਤੋਂ ਜਾਣੂ ਕਰਵਾਉਣਾ ਲਾਜ਼ਮੀ ਹੋਵੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ 'ਆਦਿ ਗ੍ਰੰਥ ਸਾਹਿਬ' ਲਫ਼ਜ਼ ਵਰਤਣ ਵਾਲੇ ਨੂੰ ਉਹ ਕਿਹਾ ਕਰਦੇ ਮਨ ਕਿ 'ਤੇਰੇ ਕਹਿਣ ਦਾ ਮਤਲਬ ਇਹ ਹੈ ਕਿ ਇਸ ਤੋਂ ਬਾਅਦ ਵੀ ਕੋਈ ਦੂਸਰਾ ਗ੍ਰੰਥ ਹੋਇਆ ਹੈ, ਜਾ ਹੋਵੇਗਾ ?

ਵਿਰੋਧੀਆਂ ਦੀ ਇਸ ਗਹਿਰੀ ਸਾਜ਼ਸ਼ ਨੂੰ ਸਮਝਦਿਆਂ ਹੋਇਆਂ ਅਸੀਂ ਇਹੋ ਜਿਹੇ ਹਮਲਿਆਂ ਬਾਬਤ ਸੁਚੇਤ ਅਤੇ ਸਾਵਧਾਨ ਰਹੀਏ।

---

## ਅਕਤੂਬਰ ਮਹੀਨੇ ਦੀਆਂ ਕੁੱਝ ਮਹੱਤਵਪੂਰਨ ਸਿੱਖ ਇਤਿਹਾਸਕ ਘਟਨਾਵਾਂ

| | |
|---|---|
| ੬ ਅਕਤੂਬਰ | ਗੁਰੂ ਹਰਿ ਰਾਇ ਸਾਹਿਬ ਜੀ ਜੋਤੀ ਜੋਤਿ ਸਮਾਏ ਅਤੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਗੁਰ ਗੱਦੀ ਤੇ ਬੈਠੇ (1661 ਈ:) |
| 7 ਅਕਤੂਬਰ | ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ਸਮਾਏ (1708 ਈ:) |
| 1੨ ਅਕਤੂਬਰ | ਸ੍ਰੀ ਅਕਾਲ ਤਖ਼ਤ ਸਾਹਿਬ ਪੰਥਕ ਪ੍ਰਬੰਧ ਹੇਠ ਆਇਆ (1੯੨੦ ਈ:) |
| ੨੨ ਅਕਤੂਬਰ | (ੳ) ਸ: ਜੱਸਾ ਸਿੰਘ ਆਹਲੂਵਾਲੀਆ ਦਾ ਅਕਾਲ ਚਲਾਣਾ (1704 ਈ:) |
| | (ਅ) ਮਹਾਰਾਜਾ ਦਲੀਪ ਸਿੰਘ ਦਾ ਫਰਾਂਸ ਵਿਚ ਅਕਾਲ ਚਲਾਣਾ (1893 ਈ:) |
| ੨3 ਅਕਤੂਬਰ | ਜਨਮ ਦਿਨ ਬਾਬਾ ਬੁੱਢਾ ਜੀ (1506 ਈ:) |
| ੨5 ਅਕਤੂਬਰ | ਬੱਬਰ ਅਕਾਲੀ ਭਾਈ ਧੰਨਾ ਸਿੰਘ ਬਹਿਬਲਪੁਰੀ ਪੁਲਿਸ ਨਾਲ ਲੜਦਿਆਂ ਸ਼ਹੀਦੀ ਪਾ ਗਿਆ (1੯੨3 ਈ:) |
| ੨7 ਅਕਤੂਬਰ | (ੳ) ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ 1670 ਈ: ਨੂੰ ਰਾਜੋਰੀ (ਕਸ਼ਮੀਰ) ਵਿਖੇ ਹੋਇਆ। ਆਪ ਦਾ ਪਹਿਲਾ ਨਾਮ ਲਛਮਣ ਦਾਸ ਸੀ ਬਾਅਦ ਵਿਚ ਵੈਸ਼ਨਵ ਮੱਤ ਧਾਰਨ ਕੀਤਾ ਤੇ ਨਾਮ ਮਾਧੋ ਦਾਸ ਰਖਿਆ 1708 ਈ: ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮੇਲ ਹੋਇਆ ਤੇ ਸਿੰਘ ਸਜ ਗਏ ਅਤੇ ਨਾਮ ਬੰਦਾ ਸਿੰਘ ਬਹਾਦਰ ਰਖਿਆ ਗਿਆ। |
| | (ਅ) ਸ: ਦਰਸ਼ਨ ਸਿੰਘ ਫੇਰੂਮਾਨ ਚੰਡੀਗੜ੍ਹ ਦੀ ਪ੍ਰਾਪਤੀ ਲਈ ਰੱਖੇ 70 ਦਿਨਾਂ ਦੇ ਮਰਨ ਵਰਤ ਤੋਂ ਬਾਅਦ ਸ਼ਹੀਦੀ ਪਾ ਗਏ। (1੯6੯ਈ:) |
| 30 ਅਕਤੂਬਰ | ਪੰਜਾ ਸਾਹਿਬ ਵਿਖੇ ਗੁਰੂ ਕੇ ਬਾਗ ਦੇ ਮੋਰਚੇ ਦੇ ਗ੍ਰਿਫਤਾਰ ਭੁੱਖੇ ਸਿੰਘਾਂ ਨੂੰ ਪ੍ਰਸ਼ਾਦਾ ਛਕਾਣ ਲਈ ਗੱਡੀ ਰੋਕਣ ਵਾਸਤੇ ਭਾਈ ਕਰਮ ਸਿੰਘ ਅਤੇ ਭਾਈ ਪ੍ਰਤਾਪ ਸਿੰਘ ਸ਼ਹੀਦ ਹੋਏ (1੯੨੨ਈ:) |
| 31 ਅਕਤੂਬਰ | ਦੋ ਸਿੱਖਾਂ ਭਾਈ ਬੇਅੰਤ ਸਿੰਘ ਅਤੇ ਭਾਈ ਸਤਵੰਤ ਸਿੰਘ ਨੇ ਸਮੇਂ ਦੀ ਹਾਕਮ ਬੀਬੀ ਇੰਦਰਾ ਗਾਂਧੀ ਦਾ ਕਤਲ ਕਰਕੇ ਸ੍ਰੀ ਦਰਬਾਰ ਸਾਹਿਬ ਤੇ ਹੋਏ ਫੌਜੀ ਹਮਲੇ ਦਾ ਬਦਲਾ ਲਿਆ। (1੯84 ਈ:) |


www.AKJ.Org

੧੯੪੨ ਦਾ ਇਕ ਅਹਿਮ ਪੰਥਕ ਫ਼ੈਸਲਾ

# ਗੁਰੂ ਗ੍ਰੰਥ ਸਾਹਿਬ ਜਿਹਾ ਸਨਮਾਨ ਹੋਰ ਕਿਸੇ ਨੂੰ ਨਹੀਂ ।

(ਗਿਆਨੀ ਗੁਰਦਿੱਤ ਸਿੰਘ)

ਸੰਨ ੧੯੪੨ ਵਿਚ, ਗੁਰੂ ਨਾਨਕ ਪ੍ਰਕਾਸ਼ ਉਤਸਵ ਸਮੇਂ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਨਾਲ, ਦਸਮ ਗ੍ਰੰਥ ਦਾ ਅਖੰਡ ਪਾਠ ਉਨਾਂ ਹੀ ਵਿਧੀਆਂ ਤੇ ਸਨਮਾਨਾਂ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਹੋਇਆ। ਦਸਮ ਗ੍ਰੰਥ ਦੇ ਪਾਠ ਲਈ ਸਨਮਾਨ ਤੇ ਤਰੀਕੇ ਉਹ ਵਰਤੇ ਗਏ, ਜਿਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਕਰਨ ਸਮੇਂ ਵਰਤੇ ਜਾਂਦੇ ਹਨ।

ਓਸੇ ਵੇਲੇ ਸਿੱਖ ਸੰਗਤਾਂ ਵਿਚ ਇਸ ਨਵੀਂ ਸ਼ੁਰੂ ਰੀਤ ਬਾਰੇ ਚਰਚਾ ਚੱਲੀ, ਜਿਸ ਦੀ ਪ੍ਰਤੀਨਿਧਤਾ ਭਾਈ ਵੀਰ ਸਿੰਘ ਜੀ ਦੇ ਅਖ਼ਬਾਰ 'ਖਾਲਸਾ ਸਮਾਚਾਰ' ਨੇ ਕੀਤੀ। 'ਖਾਲਸਾ ਸਮਾਚਾਰ' ਦੇ ਸਫ਼ਾ ੩, ਕਾਲਮ ੨, ੧ ਜਨਵਰੀ ੧੯੪੨ ਦੇ ਪਰਚੇ ਵਿਚ ਸੂਚਨਾ ਦੇ ਰੂਪ ਵਿਚ ਇਉਂ ਖ਼ਬਰ ਛਪੀ:-

> "ਇਸ ਵਾਰੀ ਗੁਰੂ ਨਾਨਕ ਸਾਹਿਬ ਜੀ ਦੇ ਗੁਰਪੁਰਬ ਦੇ ਸਮੇਂ ਖਾਸ ਗੱਲ ਦੇਖਣ ਵਿਚ ਆਈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੇਠਲੇ ਭੋਰੇ ਨਾਲ ਖੁੱਲੇ ਦਰਵਾਜ਼ੇ ਵਿਚ ਅਕਾਲ ਤਖ਼ਤ ਦੇ ਹੇਠਲੇ ਦਰਸ਼ਨੀ ਚਬੂਤਰੇ ਉਤੇ ਦਸਮ ਗ੍ਰੰਥ ਦਾ ਅਖੰਡ ਪਾਠ ਰੱਖਿਆ ਗਿਆ। ਇਹ ਸ਼ਾਇਦ ਆਪਣੀ ਕਿਸਮ ਦਾ ਪਹਿਲਾ ਮੌਕਾ ਹੈ, ਜਦੋਂ ਦਸਮ ਗ੍ਰੰਥ ਦਾ ਅਖੰਡ ਪਾਠ ਇਥੇ ਰੱਖਿਆ ਗਿਆ। ਇਸ ਪਾਠ ਤੋਂ ਪੜ੍ਹੀ ਲਿਖੀ ਜਨਤਾ ਵਿਚ ਚਰਚਾ ਚਲੀ। ਚੰਗਾ ਹੋਵੇ ਜੇ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਦਸਮ ਗ੍ਰੰਥ ਦੇ ਇਸ ਤਰ੍ਹਾਂ ਦੇ ਪਾਠ ਰੱਖੇ ਜਾਣ ਦੀ ਪੁਰਾਤਨ ਮਰਿਆਦਾ ਹੋਣ ਬਾਬਤ ਕੋਈ ਪਤਾ ਦੇਣ ਤਾਂ ਕਿ ਸੰਗਤਾਂ ਵਿਚ ਇਹ ਖਿਆਲ ਨਾ ਰਹੇ ਕਿ ਕੋਈ ਨਵਾਂ ਰਿਵਾਜ਼ ਤੋਰਿਆ ਜਾ ਰਿਹਾ ਹੈ।"

'ਖਾਲਸਾ ਸਮਾਚਾਰ' ਦੀ ਇਸ ਸੂਚਨਾ ਦੇ ਛਪ ਜਾਣ ਪਿਛੋਂ ਕੁਝ ਚਿਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਕੋਈ ਜਵਾਬ ਨਾ ਮਿਲਣ ਕਾਰਨ, 'ਖਾਲਸਾ ਸਮਾਚਾਰ' ਦੇ ੨੯ ਜਨਵਰੀ ਦੇ ਪਰਚੇ ਵਿਚ ਮੁੱਖ ਲੇਖ ਦੇ ਉਪਰ, ਹੇਠ ਲਿਖੀਆਂ ਸੁਰਖੀਆਂ ਦੇ ਕੇ, ਇਕ ਲੇਖ ਛਾਪਿਆ: "ਕੀ ਆਦਿ ਸ੍ਰੀ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਨੂੰ ਇਕੋ ਜਿਹਾ ਸਤਿਕਾਰ ਦਿੱਤਾ ਜਾ ਸਕਦਾ ਹੈ ?

ਇਸ ਲੇਖ ਵਿਚ ਪੁੱਛਾਂ ਕੀਤੀਆਂ ਗਈਆਂ ਕਿ ਅਕਾਲ ਤਖ਼ਤ ਸਾਹਿਬ ਜੀ ਦੀ ਕਾਰਵਾਈ ਨੂੰ ਯੋਗ ਸਿੱਧ ਕਰਨ ਲਈ ਆਧਾਰ ਕੀ ਹਨ ?

"ਕੀ ਦਸਮ ਗ੍ਰੰਥ ਦਾ ਅਖੰਡ ਪਾਠ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਕਿਸੇ ਪ੍ਰੇਮੀ ਨੇ ਕਰਾਇਆ? ਕੀ ਇਹ ਠੀਕ ਹੈ? ਅਖੰਡ ਪਾਠ ਲਈ ਓਹੋ ਰੀਤਾਂ, ਸਨਮਾਨ ਤੇ ਤੌਰ-ਤਰੀਕੇ ਵਰਤੇ ਗਏ ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਲਈ ਵਰਤੇ ਜਾਂਦੇ ਹਨ?"ਇਸ ਸੰਬੰਧੀ ਸਿੱਖ ਜਗਤ ਵਿੱਚ ਚਰਚਾ ਚੱਲ ਪਈ ਹੈ:

**ਕੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਨੂੰ ਇੱਕੋ ਜਿਹਾ ਸਤਿਕਾਰ ਦਿੱਤਾ ਜਾ ਸਕਦਾ ਹੈ?**

ਉਪਰ ਦਿੱਤੀਆਂ ਸੁਰਖੀਆਂ ਦੇ ਕੇ 'ਖਾਲਸਾ ਸਮਾਚਾਰ' ਨੇ ਵਿਸ਼ੇਸ਼ ਮੁੱਖ ਲੇਖ ਲਿਖਿਆ ਤੇ ਪੁੱਛ ਕੀਤੀ ਗਈ:

੧. ਕੀ ਦਸਮ ਗ੍ਰੰਥ ਸਾਹਿਬ ਦਾ ਅਖੰਡ ਪਾਠ ਇਸ ਤਰ੍ਹਾਂ ਅੱਗੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਿਚ ਆਏ ਕਿਸੇ ਗੁਰਦੁਆਰੇ ਵਿਚ ਕਦੇ, ਕਿਤੇ ਰੱਖਿਆ ਗਿਆ ਹੈ? ਜੇ ਰੱਖਿਆ ਗਿਆ ਹੈ ਤਾਂ ਕਦੋਂ ਤੇ ਕਿੱਥੇ?

੨.ਕੀ ਦਸਮ ਗ੍ਰੰਥ ਦਾ ਇਸ ਤਰ੍ਹਾਂ ਅਖੰਡ ਪਾਠ ਰੱਖਿਆ ਜਾਣਾ, ਸਿੱਖ ਰਹੁ-ਰੀਤਾਂ ਦੇ ਅਨੁਸਾਰ ਠੀਕ ਹੈ?

"ਜੇ ਇਹਨਾਂ ਪ੍ਰਸ਼ਨਾਂ ਦਾ ਉਤਰ ਹਾਂ ਵਿਚ ਹੈ ਤਾਂ ਵੇਰਵੇ ਨਾਲ ਇਸ ਉਤੇ ਚਾਨਣਾ ਪਾ ਕੇ ਸੰਗਤਾਂ ਦੇ ਸੰਸਿਆਂ ਨੂੰ ਨਵਿਰਤ ਕੀਤਾ ਜਾਵੇ, ਤੇ ਜੇ ਅੱਗੇ ਕਦੇ ਇਸ ਤਰ੍ਹਾਂ ਦਾ ਪਾਠ ਨਹੀਂ ਰੱਖਿਆ ਗਿਆ ਤੇ ਨਾਂ ਹੀ ਸਿੱਖ ਧਰਮ ਦੇ ਅਸੂਲਾਂ ਦੇ ਅਨੁਕੂਲ ਹੈ ਤਾਂ ਹੁਣ ਇਸ ਨਵੀਂ ਰੀਤੀ ਨੂੰ ਚਲਾਉਣ ਦਾ ਕੀ ਕਾਰਨ ਹੈ? ਤੇ ਉਹ ਕਿਹੜੀ ਮਸਲਿਹਤ ਹੈ, ਜਿਸ ਨੂੰ ਮੁੱਖ ਰੱਖ ਕੇ ਇਹ ਨਵਾਂ ਰਿਵਾਜ ਤੋਰਨ ਦਾ ਹੀਆ ਕੀਤਾ ਗਿਆ ਹੈ ?"


www.AKJ.Org

'ਖਾਲਸਾ ਸਮਾਚਾਰ' ਨੇ ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਅਕਾਲ ਤਖ਼ਤ ਤੋਂ ਮੁੜ ਮੁੜ ਕੇ ਕਈ ਢੰਗਾਂ ਨਾਲ ਮੰਗਿਆ. ਕੋਈ ਜਵਾਬ ਨਾਂ ਮਿਲ੍ਣ ਤੇ ੧ ਫੱਗਣ ਨੂੰ ਹੋਰ ਲੇਖ ਲਿਖਿਆ ਤੇ ਕਿਹਾ,"ਇਨ੍ਹਾਂ ਪੁੱਛਾਂ ਦਾ ਉਤਰ ਹੁਣ ਤੱਕ ਨਹੀਂ ਮਿਲ ਸਕਿਆ, ਪਰ ਪਤਾ ਲੱਗਿਆ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਸ੍ਰੀ ਅਕਾਲ ਤਖ਼ਤ ਵੱਲੋਂ ਲਿਖ ਕੇ ਧਾਰਮਿਕ ਸਲਾਹਕਾਰਾਂ ਦੀ ਰਾਏ ਜਾਣੀ ਜਾ ਰਹੀ ਹੈ ।"

੧੨ਫਰਵਰੀ ਦੇ ਪਰਚੇ ਵਿਚ ਜੋ ਲੇਖ ਅਖ਼ਬਾਰ ਨੇ ਲਿਖਿਆ, ਉਹ ਮਸਲਾ ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਭੇਜਿਆ ਗਿਆ, ਤਾਂ ਜੋ ਸ਼੍ਰੋਮਣੀ ਕਮੇਟੀ ਧਾਰਮਿਕ ਸਲਾਹਕਾਰਾਂ ਦੀ ਰਾਏ ਲੈ ਕੇ ਅਕਾਲ ਤਖ਼ਤ ਸਾਹਿਬ ਨੂੰ ਦੱਸੇ. ਇੱਕ ਲੇਖ ਰਾਹੀਂ ਧਾਰਮਿਕ ਸਲਾਹਕਾਰਾਂ ਨੂੰ ਫਿਰ ਮਸਲੇ ਦੀ ਜਾਣਕਾਰੀ ਦਿੱਤੀ ਗਈ । ਦਸਮ ਗ੍ਰੰਥ ਦੇ ਅਖੰਡ ਪਾਠ ਸਮੇਂ ਓਹੋ ਰੀਤਾਂ ਕੀਤੀਆਂ ਗਈਆਂ ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਸਮੇਂ ਕੀਤੀਆਂ ਜਾਂਦੀਆਂ ਹਨ, ਓਵੇਂ ਚੜ੍ਹਾਵੇ ਚੜ੍ਹਦੇ ਰਹੇ, ਮੱਥੇ ਟੇਕੇ ਜਾਂਦੇ ਰਹੇ, ਚੰਦੋਆ ਤਾਣਿਆ ਗਿਆ । ਆਮ ਸੰਗਤਾਂ ਇਹ ਨਹੀਂ ਸਮਝ ਸਕੀਆਂ ਸਨ ਕਿ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਹੋ ਰਿਹਾ ਜਾਂ ਦਸਮ ਗ੍ਰੰਥ ਦਾ? ਅੱਗੇ ਚੱਲ ਕੇ ਇਸੇ ਗ੍ਰੰਥ ਵਿਚ ਸਪਸ਼ੱਟ ਕੀਤਾ ਹੈ ਕਿ:

"ਦਸਮ ਗ੍ਰੰਥ ਵਿਚ ਜੋ ਕੁਝ ਹੈ, ਕੀ ਉਹ ਸਾਰੀ ਦੀ ਸਾਰੀ ਗੁਰਬਾਣੀ ਹੈ ਜਾਂ ਉਸ ਦੇ ਵਿਚ ਕੁਝ ਦਸਮੇਸ਼ ਪਿਤਾ ਜੀ ਦੀ ਮੁਖਵਾਕ ਬਾਣੀ ਹੈ ਤੇ ਕੁਝ ਇਤਿਹਾਸ ਦੇ ਉਲੱਥੇ ਆਦਿਕ ਹਨ? ਇਹ ਉਲੱਥੇ ਦਸਮੇਸ਼ ਜੀ ਦੇ ਨਿੱਜ ਕੀਤੇ ਹੋਏ ਹਨ ਜਾਂ ਸ੍ਰੀ ਹਜ਼ੂਰ ਸਾਹਿਬ ਦੇ ਹਜ਼ੂਰੀ ਕਵੀਆਂ ਦੇ ਉਲਥੇ ਹਨ? ਇਹ ਸਵਾਲ ਇਸ ਵੇਲੇ ਵਿਚਾਰ ਗੋਚਰੇ ਨਹੀਂ, ਨਾ ਹੀ ਇਸ ਗੱਲ ਤੇ ਬਹਿਸ ਛੇੜਨ ਦੀ ਲੋੜ ਹੈ ਕਿ ਇਹ ਰਚਨਾ ਇਕ ਸੰਚੇ ਵਿੱਚ ਕਿਵੇਂ ਆਈ? ਕਿੱਸ ਨੇ ਲਿਆਂਦੀ ਜਾਂ ਅੱਜ ਤੋਂ ਪੰਜਾਹ ਸਾਲ ਪਹਿਲਾਂ ਤੱਕ ਸਿੰਘਾਂ ਵਿੱਚ ਇਸ ਗ੍ਰੰਥ ਬਾਰੇ ਕੀ ਖਿਆਲ ਸਨ? ਇਸ ਵੇਲੇ ਜਿਹੜੀ ਵਿਚਾਰ ਦੀ ਗੱਲ ਹੈ, ਉਹ ਇੰਨੀ ਹੈ ਕਿ ਜਿਵੇਂ ਗੁਰੂ ਰਾਮਦਾਸ ਜੀ ਨੇ ਜੋਤੀ ਜੋਤਿ ਸਮਾਉਣ ਵੇਲੇ *"ਛਤ੍ਰ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥"* ਉਸੇ ਤਰ੍ਹਾਂ ਦਸਮੇਸ਼ ਜੀ ਨੇ ਜੋਤੀ ਜੋਤਿ ਸਮਾਉਣ ਸਮੇਂ ਤਖ਼ਤ ਛਤ੍ਰ ਤੇ ਚਵਰ ਦਾ ਅਧਿਕਾਰ ਗੁਰੂ ਗ੍ਰੰਥ ਸਾਹਿਬ ਜੀ ਨੂੰ ਥਾਪਿਆ ਉਸ ਦਿਨ ਤੋਂ ਅਦਬ-ਸਤਕਾਰ ਇਸ ਪਵਿਤਰ ਆਦਿ ਬੀੜ ਨੂੰ ਪ੍ਰਾਪਤ ਹੈ, ਉਹ ਕਿਸੇ ਹੋਰ ਬਾਣੀ ਦੇ ਸੰਚੇ ਨੂੰ ਪ੍ਰਾਪਤ ਨਹੀਂ ਹੋ ਸਕਦਾ। ਨਾ ਹੀ ਕਦੇ ਸਿੱਖ ਪੰਥ ਵਿਚ ਅਜਿਹਾ ਸਤਕਾਰ ਦਿੱਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਤਰ੍ਹਾਂ ਗੁਰਿਆਈ ਵਾਲਾ ਆਦਰ ਤੇ ਸਤਕਾਰ ਕਿਸੇ ਹੋਰ ਗ੍ਰੰਥ ਨੂੰ ਦੇਣ ਦਾ ਅਰਥ ਆਦਿ ਬੀੜ ਨੂੰ ਮਿਲੀ ਗੁਰਿਆਈ ਦਾ ਮਹੱਤਵ ਘਟਾਉਣਾ ਹੋਵੇਗਾ। ਇਸ ਨੂੰ ਦੂਜੇ ਲਫਜ਼ਾਂ ਵਿਚ ਇਉਂ ਕਿਹਾ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਦਾ ਅਨਿਨ ਨਿਸਚਾ ਕਮਜ਼ੋਰ ਹੋਵੇਗਾ।

"ਇਨ੍ਹਾਂ ਪ੍ਰਸ਼ਨਾਂ ਦੇ ਉਤਰ ਇਸ ਵੇਲੇ ਸਿੱਖ ਸੰਗਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲ ਤਖ਼ਤ ਦੇ ਜਥੇਦਾਰ ਜਿਨ੍ਹਾਂ ਦੇ ਪ੍ਰਬੰਧ ਵਿਚ ਇਹ ਪਾਠ ਹੋਏ ਹਨ ਤੇ ਕੇਂਦਰੀ ਗੁਰ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘਾਂ ਦੀ ਜ਼ਬਾਨੀ ਹੀ ਸੁਣਨਾ ਚਾਹੁੰਦੀ ਹੈ।" 'ਖਾਲਸਾ ਸਮਾਚਾਰ' ਵੱਲੋਂ ਅੱਗੇ ਚੱਲ ਕੇ ਡੂੰਘੀ ਤਨਜ਼ ਨਾਲ ਲਿਖਿਆ ਹੈ:

"ਸ਼੍ਰੋਮਣੀ ਕਮੇਟੀ ਦੇ ਪਿਛੱਲੇ ਕੁਝ ਦਿਨਾਂ ਦੇ ਰਵੱਈਏ ਤੋਂ ਇਹ ਗੱਲ ਖੁੱਲ੍ਹੀ ਪ੍ਰਗਟ ਹੋ ਰਹੀ ਹੈ ਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਦੇ ਮਾਮਲੇ ਵਿਚ ਕਿਸੇ ਇਕ ਸ਼ਕਲ ਵਿਚ ਸੋਚਨੀਯ, ਹਾਲਤ ਪੈਦਾ ਕਰ ਦੇਂਦੀ ਹੈ। ਇਨ੍ਹਾਂ ਪ੍ਰਸ਼ਨਾਂ ਦੇ ਉਤਰ ਦੇਣ ਦੀ ਦੂਜੇ ਦਰਜੇ 'ਤੇ ਜ਼ਿੰਮੇਵਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਹੈ ਜਿਨ੍ਹਾਂ ਦੇ ਪ੍ਰਬੰਧ ਵਿਚ ਇਹ ਕੁਝ ਹੋਇਆ। ਤੀਜੇ ਦਰਜੇ 'ਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਗ੍ਰੰਥੀ ਸਾਹਿਬਾਨ ਦੀ ਹੈ ਜੋ ਇਸ ਵੇਲੇ ਮੁੱਖ ਅਸਥਾਨ 'ਤੇ ਬੈਠੇ ਪੰਥ ਦੇ ਧਾਰਮਕ ਰਸਮੋ-ਰਿਵਾਜ਼ਾਂ ਨੂੰ ਮਰਯਾਦਾ ਵਿਚ ਮਿਲਾਵਟ ਰਹਿਤ ਰੱਖਣ ਦੇ ਹਰ ਤਰ੍ਹਾਂ ਜ਼ਿੰਮੇਵਾਰ ਹਨ।"

੧੨ ਫਰਵਰੀ ਦੇ ਪਰਚੇ ਵਿਚ ਸ਼੍ਰੋਮਣੀ ਕਮੇਟੀ ਦੇ ਧਾਰਮਿਕ ਸਲਾਹਕਾਰਾਂ ਦੇ ਪ੍ਰਤੀ 'ਖਾਲਸਾ ਸਮਾਚਾਰ


www.AKJ.Org

ਦੇ ਲੇਖ ਵਿਚ ਏਸੇ ਮਸਲੇ ਨੂੰ ਹੋਰ ਟੋਰਦਿਆਂ ਧਾਰਮਕ ਸਲਾਹਕਾਰਾਂ ਨੂੰ ਹਲੂਣਿਆ ਹੈ।

"ਪਿਛਲੇ ਮੁੱਖ ਲੇਖ ਵਿਚ ਅਸਾਂ ਖ਼ਿਆਲ ਪ੍ਰਗਟ ਕੀਤੇ ਸਨ, ਹੁਣ ਖ਼ਬਰ ਮਿਲੀ ਹੈ ਕਿ ਦਸਮ ਗ੍ਰੰਥ ਦੇ ਆਖੰਡ ਪਾਠ ਰੱਖੇ ਜਾਣ ਵਿਰੁੱਧ ਸ੍ਰੀ ਮਾਨ ਸਿੰਘ ਸਾਹਿਬ ਭਾਈ ਅੱਛਰ ਸਿੰਘ ਜੀ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਨੇ ਅਵਾਜ ਉਠਾਈ ਹੈ ਜਿਸ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਇਹ ਮਾਮਲਾ ਸ਼੍ਰੋਮਣੀ ਗੁ: ਪ੍ਰੰ: ਕਮੇਟੀ ਪਾਸ ਭੇਜ ਕੇ ਮੰਗ ਕੀਤੀ ਹੈ ਕਿ ਉਹ ਆਪਣੇ ਧਾਰਮਕ ਸਲਾਹਕਾਰਾਂ ਪਾਸੋਂ ਇਸ ਵਿਸ਼ੇ ਤੇ ਰਾਏ ਲਵੇ।"

੧੨ ਫਰਵਰੀ ਦੇ ਮੁੱਖ ਲੇਖ ਵਿਚ ਫਿਰ ਧਿਆਨ ਇਸ ਪਾਸੇ ਖਿੱਚਿਆ ਹੈ ਕੀ ਇਹ ਅਖੰਡ ਪਾਠ ਅਕਾਲ ਤਖ਼ਤ ਸਾਹਿਬ ਵੱਲੋਂ ਆਪ ਰੱਖੇ ਗਏ ਜਾਂ ਕਿਸੇ ਨੇ ਰਖਵਾਏ? ਕਿਉਂ ਰੱਖੇ ਜਾਂ ਰਖਵਾਏ? ਅਰਥਾਤ ਕਿਸੇ ਨੇ ਦਿਲੀ ਸ਼ਰਧਾ ਪ੍ਰੇਮ ਭਾਵ ਨਾਲ ਰੱਖੇ ਰਖਾਏ ਜਾਂ ਹੋਰ ਕਿਸੇ ਖਿਆਲਾਂ ਨੂੰ ਮੁੱਖ ਰੱਖ ਕੇ ਰਖਾਏ? ਤੇ ਅਕਾਲ ਤਖ਼ਤ ਸਾਹਿਬ ਦੇ ਸੇਵਾਦਾਰਾਂ ਨੇ ਅਭੋਲ ਹੀ ਪਾਠ ਰੱਖੇ ਜਾਣ ਦੀ ਆਗਿਆ ਦੇ ਦਿੱਤੀ ਹੈ, ਜਾਂ ਕਿਸੇ ਅੰਦਰ ਬਾਹਰ ਦੇ ਦਬਾਉ ਕਾਰਨ ਇਹ ਆਗਿਆ ਦੇਣ ਲਈ ਮਜ਼ਬੂਰ ਕੀਤਾ ਹੈ? ਇਨ੍ਹਾਂ ਪ੍ਰਸ਼ਨਾਂ ਦੇ ਉਤਰਾਂ ਤੇ ਵੀ ਅਜੇ ਵਿਚਾਰ ਦੀ ਲੋੜ ਨਹੀ। ਵਿਚਾਰ ਗੋਚਰੇ ਗੱਲ ਏਨੀ ਹੈ ਕਿ ਜੋ ਕੁਝ ਕੀਤਾ ਗਿਆ ਹੈ, ਉਸ ਦਾ ਅਸਰ ਕੀ ਪਏਗਾ ਤੇ ਇਸ ਤੋਂ ਨਤੀਜੇ ਕੀ ਨਿਕਲਣਗੇ?

ਇਸ ਬਾਰੇ ਧਾਰਮਕ ਸਲਾਹਕਾਰਾਂ ਦੀ ਰਾਇ ਲੈਣ ਦੀ ਲੋੜ ਹੈ, ਦਸਮ ਗ੍ਰੰਥ ਦਾ ਪਾਠ ਇਸ ਤਰ੍ਹਾਂ ਦੇ ਸਨਮਾਨਾਂ ਨਾਲ ਸ਼੍ਰੋਮਣੀ ਕਮੇਟੀ ਦੇ ਗੁਰਦੁਆਰਿਆਂ ਬਲਕਿ ਅਕਾਲ ਤਖ਼ਤ ਉਤੇ ਪਹਿਲੀ ਵਾਰ ਹੀ ਹੋਇਆ ਹੈ।

ਮਈ ੧੪, ੧੯੪੨ ਦੇ ਪਰਚੇ ਦੇ ਪਹਿਲੇ ਦੋ ਕਾਲਮਾਂ ਵਿਚ ਮੋਟੀਆਂ ਸੁਰਖੀਆਂ ਦੇ ਕੇ ਧਾਰਮਕ ਸਲਾਹਕਾਰ ਕਮੇਟੀ ਦੀ ਰਿਪੋਰਟ ਛਾਪਣ ਸਮੇਂ ਇਉਂ ਪ੍ਰਸੰਨਤਾ ਪ੍ਰਗਟ ਕੀਤੀ ਹੈ:

'ਖ਼ਾਲਸਾ ਸਮਾਚਾਰ ਦਾ ਪ੍ਰਗਟਿਆ ਅਸੂਲ ਤਸਲੀਮ ਕਰ ਲਿਆ ਗਿਆ। "ਗੁਰੂ ਗ੍ਰੰਥ ਸਾਹਿਬ ਜੀ ਦੇ ਸਮਾਨ, ਆਦਰ ਹੋਰ ਕਿਸੇ ਨੂੰ ਨਹੀ ਦਿੱਤਾ ਜਾ ਸਕਦਾ।"

ਮੁੱਖ ਲੇਖ ਵਿਚ ਧਾਰਮਕ ਸਲਾਹਕਾਰ ਕਮੇਟੀ ਦੇ ਐਲਾਨ ਦੀ ਰਿਪੋਰਟ ਛਪੀ ਹੈ,ਰਿਪੋਰਟ ਦਾ ਮੂਲ ਭਾਗ ਗਿਆਨੀ ਸ਼ੇਰ ਸਿੰਘ ਜੀ ਦੇ ੪ ਮਈ ਦੇ ਪੰਜਾਬ ਅਖ਼ਬਾਰ ਵਿਚੋਂ ਲਿਆ ਦੱਸਿਆ ਹੈ। ਧਾਰਮਕ ਸਲਾਹਕਾਰ ਕਮੇਟੀ ਦੇ ਜੋ ਮੈਂਬਰ ਹਾਜ਼ਰ ਨਹੀ ਸਨ, ਪਿਛਲੇ ਪਰਚਿਆਂ ਵਿਚ ਉਨ੍ਹਾਂ ਵੱਲੋਂ ਇਸ ਫੈਸਲੇ ਨਾਲ ਸੰਮਤੀ ਪ੍ਰਗਟਾਈ ਗਈ। ਉਹ ਮੈਂਬਰ ਸਨ, ਬਾਵਾ ਹਰਿਕ੍ਰਿਸ਼ਨ ਸਿੰਘ,ਮਹੰਤ ਮੂਲ ਸਿੰਘ ਹੈਂਡ ਗ੍ਰੰਥੀ ਹਰਿਮੰਦਰ ਸਾਹਿਬ, ਪ੍ਰਿੰਸੀਪਲ ਜੋਧ ਸਿੰਘ। ਖਾਲਸਾ ਸਮਾਚਾਰ ਨੇ ਧਾਰਮਕ ਸਲਾਹਕਾਰਾਂ ਦੀ ਰਾਏ, ਅੱਗੇ ਦਿੱਤੀ ਸੰਪਾਦਕੀ ਲੇਖ ਦਾ ਅੰਤਲਾ ਭਾਗ ਬਣਾ ਕੇ ਦਿੱਤੀ ਗਈ ਹੈ ।

'ਖਾਲਸਾ ਸਮਾਚਾਰ ਦਾ ਪ੍ਰਗਟਿਆ ਅਸੂਲ ਤਸਲੀਮ ਕਰ ਲਿਆ:

" ਪਾਠਕਾਂ ਨੂੰ ਯਾਦ ਹੋਵੇਗਾ ਕਿ ਪਿਛਲੇ ਦਿਨੀਂ ਅਕਾਲ ਤਖ਼ਤ ਸਾਹਿਬ ਵਿਖੇ ਦਸਮ ਗ੍ਰੰਥ ਦੇ ਦੋ ਪਾਠ ਰੱਖੇ ਗਏ ਸਨ ਤੇ ਉਸੇ ਅਦਬ ਤੇ ਸਤਕਾਰ ਨਾਲ ਰੱਖੇ ਗਏ ਸਨ,ਜਿਸ ਰੀਤੀ ਨਾਲ ਗੁਰੂ ਗ੍ਰੰਥ ਸਾਹਿਬ ਜੀ ਦੇ ਰੱਖੇ ਜਾਂਦੇ ਹਨ। 'ਖਾਲਸਾ ਸਮਾਚਾਰ ਨੇ ਇਸ ਤੇ ਦੋ ਮੁੱਖ ਲੇਖ ਲਿਖ ਕੇ ਪੁੱਛ ਕੀਤੀ ਸੀ ਜਿਸ ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਇਹ ਮਾਮਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਭੇਜਿਆ ਤੇ ਉਨ੍ਹਾਂ ਨੇ ਆਪਣੀ ਧਾਰਮਕ ਸਬ-ਕਮੇਟੀ ਦੇ ਸਪੁਰਦ ਕੀਤਾ। ਗਿਆਨੀ ਸ਼ੇਰ ਸਿੰਘ (ਜੋ ਧਾਰਮਕ ਸਬ-ਕਮੇਟੀ ਦੇ ਮੈਂਬਰ ਹਨ) ਆਪਣਾ ਅਖ਼ਬਾਰ 'ਪੰਜਾਬ ਵਿਚ ਲਿਖਦੇ ਹਨ:

੪ ਮਈ ਨੂੰ ਧਾਰਮਕ ਸਬ-ਕਮੇਟੀ ਦੀ ਮੀਟਿੰਗ ਸ਼ਹੀਦ ਮਿਸ਼ਨਰੀ ਕਾਲਜ ਵਿਚ ਹੋਈ, ਸੱਤਾਂ ਵਿਚੋਂ ਚਾਰ ਮੈਂਬਰ ਸ੍ਰੀ ਮਾਨ ਗਿਆਨੀ ਸ਼ੇਰ ਸਿੰਘ, ਗਿਆਨੀ ਸਾਹਿਬ ਮੋਹਨ ਸਿੰਘ, ਜਥੇਦਾਰ ਅਕਾਲ ਤਖ਼ਤ ਸਾਹਿਬ, ਪ੍ਰੋ. ਤੇਜਾ ਸਿੰਘ ਤੇ ਪ੍ਰੋ. ਗੰਗਾ 'ਸਿੰਘ ਹਾਜ਼ਰ ਸਨ। ਫੈਸਲਾ ਹੋਇਆ ਕਿ ਦਸਮ ਗ੍ਰੰਥ ਦਾ ਅਖੰਡ ਪਾਠ, ਸਧਾਰਨ ਜਾਂ ਸਪਤਾਹਕ ਆਦਿ ਪਾਠ ਗੁਰੂ ਗ੍ਰੰਥ ਸਾਹਿਬ ਦੀ ਤਰ੍ਹਾਂ ਕਿਤੇ ਨਾ ਕੀਤਾ ਜਾਵੇ। ਹਾਂ, ਵਿਚਾਰਨ


www.AKJ.Org

ਦੇ ਤੌਰ ਪਰ ਇਸ ਦਾ ਪੜ੍ਹਨਾ-ਸੁਣਨਾ ਲਾਭਦਾਇਕ ਹੋਵੇਗਾ ।

ਅੱਗੇ ਕਿਹਾ ਹੈ, ਇਸੇ ਤਰ੍ਹਾਂ ਦੇ ਜ਼ਰੂਰੀ ਪੰਥਕ ਮਾਮਲੇ ਦਾ ਫੈਸਲਾ ਕਰ ਕੇ ਉਸ ਦੇ ਅੰਦਰ ਰੱਖ ਛੱਡਣ ਦਾ ਤਾਂ ਕੋਈ ਲਾਭ ਨਹੀ, ਇਸ ਦੀ ਵਧੀਕ ਤੋਂ ਵਧੀਕ ਇਸਾਇਤ ਦੀ ਜ਼ਰੂਰਤ ਹੈ ਤਾਂ ਕਿ ਸਾਰਾ ਪੰਥ ਇਸ ਤੋਂ ਜਾਣੂਹੋ ਜਾਏ ਤੇ ਆਪਣੀ ਵਰਤੋਂ ਇਸ ਅਨੁਸਾਰ ਬਣਾਏ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਇਸ ਫੈਸਲੇ ਦੀਆਂ ਕਾਪੀਆਂ ਸਾਰੇ ਗੁਰਦੁਆਰਿਆਂ ਤੇ ਪੰਥਕ ਅਖ਼ਬਾਰਾਂ ਨੂੰ ਭੇਜੋ ।

ਪੰਜਾਬ ਲਿਖਦਾ ਹੈ,"ਇਸ ਕਮੇਟੀ ਵਿਚ ਇਹ ਭੀ ਫੈਸਲਾ ਹੋਇਆ ਕਿ ਸੰਪਟ ਪਾਠ ਕਰਨਾ ਮਨਮਤ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਮਾਗਮ ਵਿਚ ਪੇਸ਼ ਹੋਇਆ ਮਤਾ ਦਸਾਂ ਗੁਰੂ ਸਾਹਿਬਾਨ ਤੋਂ ਵੱਧ ਕਿਸੇ ਪ੍ਰਾਣੀ ਨੂੰ ਗਿਆਰਵਾਂ, ਬਾਰਵਾਂ, ਪਾਤਸ਼ਾਹ ਮੰਨਣ ਵਾਲਾ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਦਸਮ ਪਾਤਸ਼ਾਹ ਤੋਂ ਪਿੱਛੋਂ ਗੁਰਗੱਦੀ ਤੋਂ ਇਨਕਾਰ ਕਰਨ ਵਾਲੇ,ਕ੍ਰਿਪਾਨ ਨੂੰ ਸਿੱਖ ਰਹਿਤ ਦਾ ਅੰਗ ਨਾ ਮੰਨਣ ਵਾਲਾ ਤੇ ਜਾਣ ਬੁਝ ਕੇ ਬਾਣੀ ਬਦਲ ਕੇ ਕਿਸੇ ਬਜ਼ੁਰਗਾਂ ਦਾ ਨਾਮ ਲੈਣ ਵਾਲੇ ਨੂੰ ਸਿੱਖੀ ਤੋਂ ਬਾਹਰ ਸਮਝਿਆ ਜਾਵੇ। ਧਾਰਮਕ ਕਮੇਟੀ ਵਿਚ ਉਸ ਬਾਰੇ ਫੈਸਲਾ ਹੋਇਆ ਕਿ ੨੯ ਜੂਨ ਨੂੰ ਮੁੜ ਧਾਰਮਕ ਕਮੇਟੀ ਦਾ ਸਮਾਗਮ ਹੋਵੇ, ਸਾਰੇ ਮੈਬਰਾਂ ਦੇ ਹਾਜ਼ਰ ਹੋਣ ਪੁਰ ਜ਼ੋਰ ਦਿੱਤਾ ਜਾਵੇ। ਨਾਮਧਾਰੀਆਂ ਦੇ ਪ੍ਰਤੀਨਿਧ, ਮਤਾ ਪੇਸ਼ ਕਰਨ ਵਾਲੇ ਸ:ਅਮਰ ਸਿੰਘ ਲਾਹੌਰ ਨੂੰ ਸੱਦਿਆ ਜਾਵੇ। ਦੋਹਾਂ ਤੋਂ ਸਹੀ ਹਾਲਤ ਤੇ ਦਲੀਲਾਂ ਪੁੱਛੀਆਂ ਜਾਣ, ਫਿਰ ਧਾਰਮਕ ਕਮੇਟੀ ਵਿਚ ਫੈਸਲਾ ਹੋਵੇਗਾ।

ਉਪਰਲੀ ਚਰਚਾ ਤੋਂ ਸਪਸ਼ਟ ਹੈ ਉਸ ਵੇਲੇ ਇਹ ਫੈਸਲਾ ਪੰਥਕ ਨੌਬੀਅਤ ਦਾ ਹੋ ਨਿਬੜਿਆ ਸੀ,ਕਿਉਂਕਿ ਧਾਰਮਕ ਸਲਾਹਕਾਰਾਂ ਤੋਂ ਇਲਾਵਾ ਦੂਜੀ ਧਿਰ ਦੇ ਜ਼ਿੰਮੇਵਾਰਾਂ ਵੱਲੋਂ ਉਠਾਇਆ ਗਿਆ ਸੁਆਲ ਹੋਣ ਕਾਰਨ ਉਹ ਵੀ ਭਾਈ ਵੀਰ ਸਿੰਘ ਦੇ ਅਖ਼ਬਾਰ ਵੱਲੋਂ ਵਿਸ਼ੇ ਦੀ ਚਰਚਾ ਵਿਸ਼ੇਸ਼ ਧਿਆਨ ਯੋਗ ਬਣ ਗਈ ਸੀ। ਅਸੀਂ ਇਸ ਪੰਥਕ ਫੈਸਲੇ ਦਾ ਸੰਖੇਪ ਸਾਰ ਇਸ ਲਈ ਦੇ ਰਹੇ ਹਾਂ ਤਾਂ ਜੁ ਵਰਤਮਾਨ ਕਾਲ ਦੇ ਪ੍ਰਬੰਧਕ ਅਤੇ ਧਾਰਮਕ ਮੁਖੀ, ਉਹ ਪਹਿਲੀ ਅਚਾਰ-ਸੰਘਤਾ ਤੇ ਤਰੀਕਿਆਂ ਤੋਂ ਜਾਣੂ ਹੋ ਜਾਣ ਕਿ ਧਾਰਮਕ ਸਲਾਹਕਾਰ ਕਮੇਟੀ ਦਾ ਕੀ ਮਹੱਤਵ ਸੀ, ਅਕਾਲ ਤਖ਼ਤ ਸਾਹਿਬ ਨੇ ਅਜਿਹੇ ਮਸਲੇ ਨਜਿੱਠਣ ਲਈ ਕਾਰਜ ਵਿਧੀ ਕੀ ਅਪਣਾਈ ਸੀ।

ਅਕਾਲ ਤਖ਼ਤ ਸਾਹਿਬ ਤੇ ਮਸਲਾ ਪੈਦਾ ਹੋਇਆ, ਚਰਚਾ ਛਿੜਨ ਤੋਂ ਸ਼੍ਰੋਮਣੀ ਕਮੇਟੀ ਨੂੰ ਅਕਾਲ ਤਖ਼ਤ ਵੱਲੋਂ ਭੇਜਿਆ ਗਿਆ। ਸ਼੍ਰੋਮਣੀ ਕਮੇਟੀ ਰਾਹੀ ਧਾਰਮਕ ਸਲਾਹਕਾਰਾਂ ਦੀ ਮੀਟਿੰਗ ਤੋਂ ਰਾਏ ਪ੍ਰਾਪਤ ਕੀਤੀ, ਜਿਸ ਨੂੰ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨ ਕੀਤਾ ਗਿਆ। ਸਪਸ਼ਟ ਹੈ ਅਜਿਹੇ ਮਸਲਿਆਂ ਸਮੇਂ ਸ਼੍ਰੋਮਣੀ ਕਮੇਟੀ ਹਰ ਮਸਲੇ ਵਿਚ ਮੁੱਖ ਧੁਰਾ ਰਹੀ ਹੈ, ਪੰਚ ਖਾਲਸਾ ਦੀਵਾਨ, ਭਸੌੜ ਦੇ ਮਸਲੇ ਅਤੇ ਨਾਮਧਾਰੀਆਂ ਦੇ ਪੱਤਰਾਂ ਪਾਠ ਆਦਿ ਤੇ ਵੀ ਇਵੇਂ ਹੀ ਹੋਇਆ ਸੀ।

੧੯੨੬ ਵਿਚ ਗੁਰਦੁਆਰਾ ਐਕਟ ਲਾਗੂ ਹੋਣ ਤੋਂ ਸ਼੍ਰੋਮਣੀ ਕਮੇਟੀ ਦੀ ਪਹਿਲੀ ਚੋਣ ਗਜ਼ਟ ਹੋਈ, ਉਸ ਵਿਚ ਬਾਬਾ ਖੜਕ ਸਿੰਘ, ਪ੍ਰਧਾਨ ਦੇ ਜੇਲ੍ਹ ਵਿਚ ਹੋਣ ਕਾਰਨ, ਮੀਤ ਪ੍ਰਧਾਨ ਮਾਸਟਰ ਤਾਰਾ ਸਿੰਘ ਜੀ ਐਡੀਟਰ 'ਅਕਾਲੀ ਪ੍ਰਧਾਨ ਅਤੇ ਗਿਆਨੀ ਸ਼ੇਰ ਸਿੰਘ ਐਡੀਟਰ 'ਸਿੱਖ ਸੇਵਕ' ਮੈਂਬਰ ਇੰਚਾਰਜ ਧਰਮ ਪ੍ਰਚਾਰ ਦਾ ਨੋਟੀਫਿਕੇਸ਼ਨ ਹੋਇਆ। ਗਿਆਨੀ ਸ਼ੇਰ ਸਿੰਘ ਮੱਤਭੇਦਾਂ ਦੇ ਹੁੰਦਿਆਂ ਵੀ ਧਰਮ ਪ੍ਰਚਾਰ ਕਮੇਟੀ ਦੇ ਮੁਖੀ ਰਹੇ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਵੀ ਸੰਸਥਾਪਕ ਤੇ ਇੰਚਾਰਜ ਸਨ। ਇਹ ਕਾਲਜ ਨਨਕਾਣਾ ਸਾਹਿਬ ਕਮੇਟੀ ਵੱਲੋਂ ਓਥੇ ਹੋਏ ਸ਼ਹੀਦਾਂ ਦੀ ਯਾਦ ਵਿਚੋਂ ਤੇ ਸ. ਬ. ਮਹਿਤਾਬ ਸਿੰਘ ਜੀ ਦੇ ਉਦਮ ਨਾਲ ਸਥਾਪਤ ਹੋਇਆ ਸੀ। ਆਰੰਭ ਵਿਚ ਧਾਰਮਕ ਸਲਾਹਕਾਰ ਕਮੇਟੀ ਦੇ ਉਹ ਮੈਂਬਰ ਲਏ ਗਏ ਸਨ, ਜਿਨ੍ਹਾਂ ਨੇ ਸਿੰਘ ਸਭਾ ਲਹਿਰ ਅਤੇ ਗੁਰਦੁਆਰਾ ਸੁਧਾਰ ਲਹਿਰਾਂ ਵਿਚ ਵੱਖੋ- ਵੱਖਰੇ ਪੱਖਾਂ ਤੋਂ ਵਿਸ਼ੇਸ਼ ਸੇਵਾ ਕੀਤੀ ਸੀ।

*ਵਿਚਾਰ ਦਾ ਸਿੱਟਾ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਸਮਾਨਤਾ ਕਿਸੇ ਹੋਰ ਨੂੰ ਕਿਸੇ ਰੂਪ ਵਿਚ ਨਹੀਂ ਦਿੱਤੀ ਜਾ ਸਕਦੀ। ਦਸਮ ਗ੍ਰੰਥ ਦੇ ਅਖੰਡ ਪਾਠ ਕਿਤੇ ਵੀ ਨਾ ਕੀਤੇ ਜਾਣ ਦਾ ਫੈਸਲਾ ਹੋਇਆ ਸੀ।*

(ਗੁਰਮਤਿ ਪ੍ਰਕਾਸ਼ ਵਿਚੋ ਧੰਨਵਾਦ ਸਹਿਤ)

■■■■■■



www.AKJ.Org

*ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸੰਦੇਸ਼*

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਦਬ-ਸਤਕਾਰ ਕਾਇਮ ਰਹੇ ।

ਦੁਨੀਆਂ ਭਰ ਦੇ ਧਰਮ-ਗ੍ਰੰਥਾਂ ਵਿਚੋਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ 'ਗੁਰੂ' ਪਦ ਪ੍ਰਾਪਤ ਹੈ। ਮਨੁੱਖਤਾ ਦੇ ਭਲੇ ਲਈ ਗੁਰਬਾਣੀ ਵਿਚ ਅਨਮੋਲ ਵਿਚਾਰ ਦਰਜ ਹਨ, ਜਿਨ੍ਹਾਂ ਨੂੰ ਅਮਲ ਵਿਚ ਲਿਆ ਕੇ ਮਨੁੱਖੀ ਸਮਾਜ ਨੂੰ ਸੁਖੀ ਤੇ ਸੁਚੱਜਾ ਬਣਾਇਆ ਜਾਂ ਸਕਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਜਾਗਤ-ਜੋਤ ਸਤਿਗੁਰੂ ਜੀ ਹਨ ਜਿਨ੍ਹਾਂ ਦੀ ਜੁਗੋ-ਜੁਗ ਅਟੱਲਤਾ ਬਾਰੇ ਦਸਮ-ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ (ਮਹਾਂਰਾਸ਼ਟਰ) ਦੇ ਅਸਥਾਨ 'ਤੇ ਸਿੱਖ ਸੰਗਤਾਂ ਨੂੰ ਬਾਕਾਇਦਾ ਹੁਕਮ ਕੀਤਾ ਹੋਇਆ ਹੈ। ਇਸ ਹੁਕਮ ਦੀ ਪਾਲਨਾ ਵਜੋਂ ਸਿੱਖ ਸੰਗਤਾਂ ਸਵੇਰੇ ਸ਼ਾਮ ਅਰਦਾਸ ਮਗਰੋਂ 'ਗੁਰੂ ਮਾਨਯੋ ਗ੍ਰੰਥ' ਦੀ ਸੰਥਿਆ ਸਦੀਆਂ ਤੋਂ ਪਕਾਉਂਦੀਆਂ ਆ ਰਹੀਆਂ ਹਨ। ਇੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਗੁਰਿਆਈ ਨਾਲ ਸ਼ਬਦ-ਗੁਰੂ ਦਾ ਸਿਧਾਂਤ ਪੱਕੇ ਤੌਰ 'ਤੇ ਸਥਾਪਤ ਹੋ ਚੁਕਾ ਹੈ। ਹੁਣ ਕਿਸੇ ਦੇਹਧਾਰੀ ਮਨੁੱਖ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਗੱਦੀ ਲਾ ਕੇ ਆਪਣੀ ਪੂਜਾ ਕਰਵਾਉਣਾ ਜਾਂ ਕਿਸੇ ਪੁਸਤਕ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗ ਪ੍ਰਕਾਸ਼ ਕਰਕੇ ਪੂਜਣਾ 'ਸ਼ਬਦ ਗੁਰੂ' ਦੀ ਘੋਰ ਬੇਅਦਬੀ ਹੈ। ਅਜਿਹੀ ਬੇਅਦਬੀ ਸਮੁੱਚੇ ਪੰਥ ਲਈ ਬਰਦਾਸ਼ਤ ਤੋਂ ਬਾਹਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ-ਸਤਿਕਾਰ ਨੂੰ ਬਣਾਈ ਰੱਖਣ ਲਈ ਇਕ ਹੋਰ ਬਹੁਤ ਜ਼ਰੂਰੀ ਗੱਲ ਧਿਆਨ ਦੇਣ ਯੋਗ ਇਹ ਹੈ ਕਿ ਰਸਾਲਿਆ, ਪੁਸਤਕਾਂ ਵਿਚ ਗੁਰਬਾਣੀ ਦੀ ਸ਼ੁੱਧ ਛਪਾਈ ਦਾ ਵਿਸ਼ੇਸ਼ ਖ਼ਿਆਲ ਰਖਿਆ ਜਾਵੇ।

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਾਰੇ ਸਿੱਖ-ਜਗਤ ਨੂੰ ਆਦੇਸ਼ ਦਿੱਤਾ ਜਾਂਦਾ ਹੈ ਕਿ ਗੁਰਬਾਣੀ ਦੀ ਬੀੜ-ਰੂਪ ਵਿਚ ਛਪਾਈ ਗੁਰਮੁਖੀ ਤੋਂ ਬਿਨਾਂ ਕਿਸੇ ਹੋਰ ਲਿੱਪੀ ਵਿਚ ਨਾ ਕੀਤੀ ਜਾਵੇ। ਇਹ ਛਪਾਈ ਸੈਂਚੀਆਂ ਦੇ ਰੂਪ ਵਿਚ ਹੀ ਕੀਤੀ ਜਾ ਸਕਦੀ ਹੈ। ਪਰ ਕਿਸੇ ਹੋਰ ਭਾਸ਼ਾ ਵਿਚ ਕੀਤੇ ਲਿਪੀਅੰਤਰਣ ਦੀ ਸ਼੍ਰੋਮਣੀ ਗੁ: ਪ੍ਰੰ: ਕਮੇਟੀ ਤੋਂ ਪ੍ਰਵਾਨਗੀ ਲਈ ਜਾਣੀ ਜ਼ਰੂਰੀ ਹੈ। ਇਸੇ ਤਰ੍ਹਾਂ ਕੰਪਿਊਟਰ ਵਿਚ ਵੀ ਸਮਗਰ ਗੁਰਬਾਣੀ ਦੀ ਸੀ. ਡੀ., ਸੈਂਚੀਆਂ ਦੇ ਰੂਪ ਵਿਚ ਹੀ ਬਣਾਈ ਜਾਵੇ, ਬੀੜ-ਰੂਪ ਹਰਗਿਜ਼ ਨਹੀਂ।

ਇਸ ਅਦਬ-ਸਤਕਾਰ ਨੂੰ ਕਾਇਮ ਰੱਖਦਿਆਂ ਗੁਰਬਾਣੀ ਦਾ ਪਠਨ-ਪਾਠਨ ਅਤੇ ਗਾਇਨ ਕਰਨਾ, ਹਰ ਗੁਰਸਿੱਖ ਦਾ ਧਰਮ-ਕਰੱਤਵ ਹੈ। ਪਰ ਇਹ ਵੀ ਧਿਆਨ ਰਹੇ ਕਿ ਜਿਥੇ ਪਾਵਨ ਗੁਰਬਾਣੀ ਦਾ ਪਠਨ-ਪਾਠਨ ਜ਼ਰੂਰੀ ਹੈ, ਉਥੇ ਇਸ ਵਿਚ ਗੁੰਫਤ ਗੁਰ-ਉਪਦੇਸ਼ ਨੂੰ ਸਮਝਣਾ ਅਤੇ ਅਮਲੀ-ਜੀਵਨ ਵਿਚ ਧਾਰਨ ਕਰਨਾ ਵੀ ਹਰ ਗੁਰਸਿੱਖ ਲਈ ਓਨਾ ਹੀ ਜ਼ਰੂਰੀ ਹੈ।

ਸੋ ਆਓ ! ਗੁਰਬਾਣੀ ਦੇ ਬਹੁਮੁੱਲੇ ਉਪਦੇਸ਼ ਨੂੰ ਪਹਿਲਾਂ ਆਪੋ ਅਪਨਾਈਏ ਅਤੇ ਫਿਰ ਦੁਨੀਆਂ ਦੇ ਲੋਕਾਂ ਨਾਲ ਵੀ ਇਸ ਅਨਮੋਲ ਖਜ਼ਾਨੇ ਦੀ ਸਾਂਝ ਪਾਈਏ ਤਾਂ ਜੋ ਇਸ ਧਰਤੀ ਨੂੰ ਸੱਚੀ ਧਰਮਸਾਲ ਬਣਾਉਣ ਦਾ ਗੁਰਮਤਿ ਲਕਸ਼ ਪੂਰਾ ਹੋ ਸਕੇ ॥

ਗੁਰੂ ਪੰਥ ਦਾ ਦਾਸ : ਜੋਗਿੰਦਰ ਸਿੰਘ

## ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸੰਦੇਸ਼ ਦਾ ਸਵਾਗਤ

ਜਥੇਦਾਰ ਸਾਹਿਬ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਅਤੇ ਬੀੜ-ਬੰਨਣ ਸਬੰਧੀ ਜੋ ਸੰਦੇਸ਼ ਦਿੱਤਾ ਹੈ ਉਹ ਬਹੁਤ ਸਲਾਹੁਣਯੋਗ ਹੈ ਤੇ ਅਸੀਂ ਹਰ ਗੁਰਸਿੱਖ ਮਾਈ ਭਾਈ ਨੂੰ ਇਸ ਹੁਕਮ ਨੂੰ ਮੰਨਣ ਦੀ ਅਪੀਲ ਕਰਦੇ ਹਾਂ। ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਮੁਖੀ ਲਿਪੀ ਵਾਲੇ ਸਰੂਪ ਵਿਚ ਗੁਰਿਆਈ ਬਖਸ਼ੀ ਗਈ ਹੈ। ਇਸ ਲਈ ਇਸ ਦੇ ਬਰਾਬਰ ਕਿਸੇ ਹੋਰ ਲਿਪੀ ਵਾਲਾ ਸਰੂਪ ਨਹੀਂ ਲਿਖਿਆ ਜਾਣਾ ਚਾਹੀਦਾ। ਅੱਜ ਤੋਂ ਕੁਝ ਦਹਾਕੇ ਪਹਿਲਾਂ ਹੀ ਕਈ ਗੁਰਮੁਖਾਂ ਵੱਲੋਂ ਗੁਰਬਾਣੀ ਦੇ ਗੁਰਮੁਖੀ ਵਿਚ ਹੀ ਟੀਕੇ ਕਰਕੇ ਉਹਨਾਂ ਨੂੰ ਵੀ ਇਕੋ ਜਿਲਦ ਵਿਚ ਨਾ ਬੰਨ੍ਹਣ ਦੀ ਹਦਾਇਤ ਕੀਤੀ ਜਾਂਦੀ ਸੀ। ਸੋ ਹੁਣ ਵੀ ਆਪਣੇ ਅਤੇ ਹੋਰਨਾਂ ਲੋਕਾਂ ਦੇ ਸਮਝਣ ਲਈ ਵੱਖ ਵੱਖ ਹਿੱਸਿਆਂ ਵਿਚ ਭਾਵੇਂ ਦੁਨੀਆਂ ਦੀਆਂ ਸਾਰੀਆਂ ਭਾਸ਼ਾਵਾਂ ਵਿਚ ਗੁਰਬਾਣੀ ਦੇ ਉਲੱਥੇ ਕੀਤੇ ਜਾਣ ਪ੍ਰੰਤੂ ਬੀੜ ਰੂਪ ਕੇਵਲ ਗੁਰਮੁਖੀ ਵਿਚ ਹੀ ਰੱਖਿਆ ਜਾਏ। ਇਸਦਾ ਇਕ ਹੋਰ ਲਾਭ ਇਹ ਵੀ ਹੋਵੇਗਾ ਕਿ ਵੱਖ ਵੱਖ ਹਿੱਸਿਆਂ ਵਿਚ ਉਲੱਥੇ ਪੜ੍ਹਨ ਵਾਲੇ ਦੁਨੀਆਂ ਦੇ ਵਿਚਾਰਵਾਨ ਲੋਕਾਂ ਵਿਚ ਗੁਰਬਾਣੀ ਨੂੰ ਮੂਲਰੂਪ ਵਿਚ ਪੜ੍ਹਨ ਲਈ ਗੁਰਮੁਖੀ ਸਿੱਖਣ ਦਾ ਉਤਸ਼ਾਹ ਪੈਦਾ ਹੋਵੇਗਾ। ਇਸ ਤੋਂ ਇਲਾਵਾ ਅਸੀਂ ਜੱਥੇਦਾਰ ਸਾਹਿਬ ਨੂੰ ਇਹ ਬੇਨਤੀ ਕਰਦੇ ਹਾਂ ਕਿ ਗੁਰਬਾਣੀ ਦਾ ਲੜੀਵਾਰ ਸਰੂਪ ਨੂੰ ਵੀ ਮੁੜ ਤੋਂ ਹਰ ਥਾਂ ਅਸਥਾਪਨ ਕਰਨ ਵਾਲੇ ਪਾਸੇ ਕਦਮ ਪੁੱਟੇ ਜਾਣ।

— ਸੂਰਾ ਪਰਿਵਾਰ



www.AKJ.Org

# Guru Granth Sahib

(Dr. Gobind Singh Mansukhani)

(Continue from Sept.2000)

**The Sukhmani. The aim of the Sukhmani:-**

The Psalm of Peace- is to comfort the mind and give man a sense of peace. In the words of Guru Arjan,'he who who listens to it with love, and gives it a place in his heart shall be able to commune with the Lord.' A man who is fed up with life or overwhelemed by sorrow or anxiety will derive consolation and peace from it. Peace of mind comes through meditation, through concentration on the attributes of God. This has to be done in a• spirit of humility and supplication for His Grace. Study of scriptures, charities and sacrifices are meaningless without the spirit of self-surrender.The man who meditates on God serves His creation in every-day life. He is ready to sacrifice his conforts, nay himself,for the good of others.

There is a gradual development of thought in the twenty-four cantos of the Sukhmani. In the first three cantos, the Guru mentions the advantages and the result of the practice of the Name- Simaran. The Name is helpful in the normal busines of life. It is superior to the reading of scriptures and other religious for-malities.

In cantos four to eleven, Guru Arjan gives his views on the God- man. Man's faculties are weak and he suffers from many disabilities and distractions.God's grace or mercy alone can save him. Man gets a vision of God through the company of the good. The God- man-Super-man according to others-is the ideal of every sincere devotee. The populer notions of the God- man-Vaishnavites,Touch-nothing saints,the so called Bhagats, Salvationists,men of culture-are inadequate,because such persons have only a partial vision of God. There are many ways of worshipping Him.All seekers need His help and must turn to Him for strength and grace.

Cantos twelve to twenty mention the process by which God's grace can be won Self-conceit and slander of saints bring their own punishment.Only by self-surrender or resignation to the will of God can earn God 's favour. God is Truth and nothing but the truth.He inspires His servants.His truest servant is the Guru who moulds the lives of the disciples.The Guru inspires the disciple with the love of the Name. Unending peace and joy are obtained the by meditation on the Name.

In the last four cantos-twenty to twenty -four -Guru Arjan gives his own views on the Name.The name covers both the personal and absolute aspects of God. God is present in His creation.In the Absolute form,God is not subject to matter, time or space. God transcends and unifies all.He pervades everything and is yet unaffected. The singing of the Name brings its own reward. The psalm of peace confers the follwing benefits on the reader:

'Beauty, intellect, wisdom,
Evenness of vision and realisation of oneness in diversity
All these are realised by him who recites the Sukhmani.
As the Holy word is breathed into his heart by the Guru.



www.AKJ.Org

**Guru Granth Sahib as Literature:-**

Panjabi language is said to have emerged from Apbhransh about 1000 A.D. In the twelfth century, Baba Farid wrote his saloks in Lehndi dialect.

During the next three centuries, India was attacked by muslim adventures and, therefore, heroic verses known as known.as Vars become populer. During this period, the yogis developed a dialect of their own which was called the saint-language and contained terms of systems of Indian philosophy. There was very little literature worth the name before the Sikhs Gurus. Morever, Panjabi was regarded as a language of the vulga by the aristocratic and Brahamanic sections of Hindu society. The Yogis also wrote in the Sanskrit. Some Sanskriti saloks, are included in the Guru Granth Sahib.

The Sikh Gurus preached their principles in the language masses. The adopted populer forms of poetry such as salok Chhant, Bara Mahan, Thhittin, Bawan Akhari, Var (heroic ballad)TheVar is also a song of praise. The Gurus praised the Name and at the same time denounced egoistic purusuits.

The Sikh Gurus enriched Panjabi literature. The crude and poor language in their hands a treasury of thoughts., they absorbed the diction of saint-language and current philosophies.In Guru Granth Sahib are found words associated with the vedas, Vedanta, Vaishnavism, Shaivism, Shakatism, Buddhism, Jainism and Islam. Panjabi was also enriched by words of saint language which owed its origin to Sanskrit Persian and Arabic words came through Islam.

The Japji, Asa-di Var of Guru Nanak , the Anand of Guru Amardas the Sukhmani of Guru Arjan are rightly esteemed as classics of Panjabi literature. The verses of the ninth Guru are included in the Adi Granth. Formalism and ritualism of Hinduism and islam have been condemned. Great spiritual truths have been illustrated through simple and homely similes. The devotional hymns full of sincerity and emotion.

Guru Nanak's compositions are pithy and pregnant with meaning. He has not only touched spiritual problems but also social and human relationship.

The example set by the Sikh Gurus led to fruitful results. According to Prof. Puran Singh Muslem saints like Miaa Mir, Bulle Shah and Shah Hussa in began writing poems in Panjabi under the influence of Guru Arjan. On the whole the Gurus not only enriched the Panjabi language but also inspired other authors to write Panjabi literature. ▬

## ਸੂਰਾ ਸਹਾਇਤਾ ਫੰਡ ਵਿਚ ਪੁੱਜੀ ਸਹਾਇਤਾ

| | | | |
|---|---|---|---|
| ਗੁਪਤ- | ੧੦੦/- | ਸ੍ਰ: ਹਰਚਰਨ ਸਿੰਘ | ੨੦੦/- |
| ਗੁਪਤ- | ੫੦/- | ਸ੍ਰ: ਗੁਰਦੀਪ ਸਿੰਘ | ੨੫੦/- |
| ਗੁਪਤ- | ੫੦/- | ਗੁਪਤ | ੧੦੦/- |
| ਗੁਪਤ- | ੧੧੦੦/- | ਡਾ: ਗੁਰਸ਼ਰਨ ਜੀਤ ਸਿੰਘ | ੨੦੦/- |
| ਬੀਬੀ ਜਸਵੰਤ ਕੌਰ- | ੫੦/- | ਗੁਪਤ- | ੭੫੦੦/- |
| ਸ੍ਰ: ਜਸਵਿੰਦਰ ਸਿੰਘ- | ੧੦੦/- | **ਫ੍ਰੀ ਲਿਟ੍ਰੇਚਰ ਫੰਡ** | |
| ਸ੍ਰ: ਗੁਰਦੀਪ ਸਿੰਘ- | ੨੦੦/- | ਗੁਪਤ- | ੧੦੦/- |
| ਗੁਪਤ- | ੧੦੦/- | ਗੁਪਤ- | ੫੦/- |
| ਸ੍ਰ: ਮੋਹਨ ਸਿੰਘ ਜੀ ਕਕੜ ਵਾਲ- | ੨੫੦/- | ਸਿੰਘ ਸ਼ਹਿਦ ਫਾਰਮ ਕੋਠੇ ਸ਼ੇਰ ਜੰਗ ਜਗਰਾਉਂ | ੧੦੦੦/- |
| ਸ੍ਰ: ਪਰਮਿੰਦਰ ਸਿੰਘ ਜੀ- | ੧੦੦/- | | |



www.AKJ.Org

# ਸਲੋਕ ਭਗਤ ਕਬੀਰ ਜੀਉ ਕੇ

(Translated By Jaspinder Singh)

ਕਬੀਰ ਜੈਸੀ ਉਪਜੀ ਪੇਡ ਤੇ ਜਉ ਤੈਸੀ ਨਿਬਹੈ ਓੜਿ॥ ਹੀਰਾ ਕਿਸ ਕਾ ਬਾਪੁਰਾ ਪੁਜਹਿ ਨ ਰਤਨ ਕਰੋੜਿ॥੧੫੩॥

Slok No. 153 : O' Kabir ! If one were to retain tenderness of a new, growing plant forever, to remain God - oriented throughout life, what to talk of jewels he is priceless beyond countless gems.-153

ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ॥ ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ॥੧੫੪॥

Slok No. 154: O' Kabir ! It is amazing how cheaply mortals waste their precious human life. Without realization of the high value of jewel like human life and its scope for Godlines, it is just wasted in worldly attachment.-154

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥ ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥੧੫੫॥

Slok No. 155 : O' Kabir ! where there is knowledge Divine, there is also awareness of duty towards objective of human life. Falsehood breeds sin. Presence of greed leads to worldly attachment and spiritual death. Where there is forgiveness due to Divine tenderness of heart there Lord comes to abide.-155

ਕਬੀਰ ਮਾਇਆ ਤਜੀ ਤ ਕਿਆ ਭਇਆ ਜਉ ਮਾਨੁ ਤਜਿਆ ਨਹੀ ਜਾਇ॥ ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥੧੫੬॥

Slok No . 156 : O' Kabir ! What if one could renounce worldliness but fails to give up pride of ego. The spiritually high ascetics have been ruined due to their self- pride that spares no one.-156

ਕਬੀਰ ਸਾਚਾ ਸਤਿਗੁਰੁ ਮੈ ਮਿਲਿਆ ਸਬਦੁ ਜੁ ਬਾਹਿਆ ਏਕੁ॥ ਲਾਗਤ ਹੀ ਭੁਇ ਮਿਲਿ ਗਇਆ ਪਰਿਆ ਕਲੇਜੇ ਛੇਕੁ॥੧੫੭॥

Slok No .157: O' Kabir ! Destiny brought me to the door of Satguru. He administered word Divine to me and I become the humblest devotee and lost my heart to the Satguru.-157

ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਾ ਮਹਿ ਚੂਕ॥ ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ॥੧੫੮॥

Slok No. 158 : O' Kabir ! What can all the teachings of Satguru do to an individual without receptive tenderness. The proud ignorant remain unaffected like blowing into a hollow bamboo.-158

ਕਬੀਰ ਹੈ ਗੈ ਬਾਹਨ ਸਘਨ ਘਨ ਛਤ੍ਰਪਤੀ ਕੀ ਨਾਰਿ॥ ਤਾਸੁ ਪਟੰਤਰ ਨ ਪੁਜੈ ਹਰਿ ਜਨ ਕੀ ਪਨਿਹਾਰਿ॥੧੫੯॥

Slok No. 159: O' Kabir ! The wife of a king Emperor with countless steeds elephants and carriages for riding does not even equal the water woman of a holy man.-159

ਕਬੀਰ ਨ੍ਰਿਪ ਨਾਰੀ ਕਿਉ ਨਿੰਦੀਐ ਕਿਉ ਹਰਿ ਚੇਰੀ ਕਉ ਮਾਨੁ॥ ਓਹ ਮਾਂਗ ਸਵਾਰੈ ਬਿਖੈ ਕਉ ਓਹੁ ਸਿਮਰੈ ਹਰਿ ਨਾਮੁ॥੧੬੦॥

Slok No. 160 : O' Kabir ! Why slander the queen and honor the maid of holy one? The queen is ever busy in self adornment for lustful thoughts whereas the maid of holy one is engrossed in Divine contemplation.-160

(To be Continued)



www.AKJ.Org

# ਬਚਿੱਤਰ ਸਿੰਘ ਦੀ ਬਹਾਦਰੀ

(ਗੁਰਕੀਰਤ ਸਿੰਘ,ਅੰਮ੍ਰਿਤਸਰ)

ਨਿੱਤ ਵਾਂਗਰ ਸੰਗਤ ਜੁੜੀ ਸਭ ਅੱਜ ਗੁਰਦੁਆਰੇ।
ਦਸਮ ਪਿਤਾ ਦੇ ਸੰਗ ਸਨ, ਬੈਠੇ ਇਉਂ ਸਾਰੇ।
ਜਿਉਂ ਚੰਨ ਦੁਆਲੇ ਸੋਭਦੇ, ਨੇ ਰਾਤੀਂ ਤਾਰੇ।
ਆ ਕੇ ਸੂਹੀਏ ਸਿੰਘ ਨੇ, ਮੁੱਖੋਂ ਫੁਰਮਾਇਆ।
''ਹੁਣੇ ਪਹਾੜੀ ਰਾਜਿਆਂ, ਇੱਕ ਮਤਾ ਪਕਾਇਆ।
ਇੱਕ ਹਾਥੀ ਰਾਜਾ ਕੇਸਰੀ, ਹੈ ਕਿਤੋਂ ਲਿਆਇਆ।
ਲੋਹਗੜ੍ਹ ਢਾਹੁਣ ਵਾਸਤੇ, ਉਹਨਾਂ ਕਰੀ ਤਿਆਰੀ।
ਸਿਰ ਹਾਥੀ ਦੇ ਬੰਨ੍ਹ ਕੇ, ਲੋਹ-ਤਵੇ ਦੋ ਭਾਰੀ।
ਉਹਦੀ ਸੁੰਢ ਨਾਲ ਬੰਨ੍ਹੀ, ਹੈ ਤਲਵਾਰ ਦੋ-ਧਾਰੀ।
ਮਸਤ ਕਰਨ ਲਈ ਉਸ ਨੂੰ, ਹੈ ਸੁਰਾ ਪਿਆਈ।
ਕਲ੍ਹ ਨੂੰ ਇਧਰ ਆਵਣਾ, ਉਸ ਕਰਕੇ ਧਾਈ।।''
ਏਦਾਂ ਕਹਿ ਕੇ ਸੀ ਸਿੰਘ ਨੇ, ਸੀ ਗੱਲ ਮੁਕਾਈ।
ਸੁਣ ਕੇ ਸਾਰੀ ਵਾਰਤਾ, ਸਤਿਗੁਰ ਮੁਸਕਾਏ।
ਦੁਨੀ ਚੰਦ ਵੱਲ ਦੇਖ ਕੇ, ਮੁੱਖੋਂ ਫਰਮਾਏ।
ਆਉਂਦੈ ਹਾਥੀ ਮਸਤਿਆ, ਜੀ ਸਦਕੇ ਆਏ।
ਇਹ ਗੱਲ ਸੁਣ ਕੇ ਦੁਨੀ ਚੰਦ, ਡਾਹਢਾ ਘਬਰਾਇਆ।
ਸੋਚਣ ਲੱਗਾ ਕਿਸਮਤੇ, ਕਿਥੇ ਮਰਵਾਇਆ।
ਏਡੀ ਵੱਡੀ ਡੀਲ-ਡੋਲ, ਦਿਲ ਛੋਟਾ ਪਾਇਆ।
ਇੱਕ ਸਿੱਖ ਨੇ ਦੱਸਿਆ, ਦੂਜੇ ਦਿਨ ਤੜਕੇ।
ਹਰਨ ਹੋ ਗਿਆ ਦੁਨੀ ਚੰਦ, ਕੰਧ ਉਤੋਂ ਚੜ੍ਹਕੇ।
ਲੱਤ ਟੁੱਟੀ ਕੰਧ ਟਪਦਿਆਂ, ਮਰਿਆ ਸੱਪ ਲੜਕੇ।
ਹੱਸ ਕੇ ਬੋਲੇ ਸਤਿਗੁਰ, ਤੱਕ ਚਾਰ-ਚੁਫੇਰਾ।
ਹਾਥੀ ਵਿਚ ਸਰੀਰ ਦੇ, ਹੈ ਜ਼ੋਰ ਬਥੇਰਾ।
ਸ਼ੇਰ ਨਾਲੋਂ ਪਰ ਘੱਟ ਹੈ, ਉਹਦੇ ਵਿਚ ਜੇਰਾ।
ਫਿਰ ਕਿਹਾ ਬਚਿੱਤਰ ਸਿੰਘ ਨੂੰ, ਸੁਣ ਦੁੱਲਿਆ ਸ਼ੇਰਾ।
ਹਾਥੀ ਕਰੂ ਮੁਕਾਬਲਾ, ਕੀ ਸਿੰਘਾ ਤੇਰਾ।
ਦਸਾਂ ਹਾਥੀਆਂ ਲਈ ਵੀ, ਤੂੰ ਸ਼ੇਰ ਬਥੇਰਾ।
ਸੁਣ ਕੇ ਸਿੰਘ ਨੇ ਘੋੜੇ 'ਤੇ, ਕਾਠੀ ਜਾ ਪਾਈ।
ਲੋਹਗੜ੍ਹ ਦੇ ਵੱਲ ਉਸ ਨੇ, ਝੱਟ ਕਰੀ ਚੜ੍ਹਾਈ।
ਪੁੱਜਿਆ ਕਿਲ੍ਹੇ ਦੇ ਸਾਹਮਣੇ, ਉਸ ਦੇਰ ਨਾ ਲਾਈ।
ਮਸਤਿਆ ਹਾਥੀ ਆ ਰਿਹਾ, ਸੀ ਵਾਂਗ ਹਨ੍ਹੇਰੀ।
ਪਿਛੋਂ ਫੌਜਾਂ ਉਸ ਨੂੰ, ਜਾਵਣ ਸ਼ਸ਼ਕੇਰੀ।
ਸਿੰਘ ਬਚਿੱਤਰ ਗਰਜ਼ਿਆ, ਨਾ ਲਾਈ ਦੇਰੀ।

( ਬਾਕੀ ਪੰਨਾ ੩੪ ਤੇ ..)



www.AKJ.Org

# ਦੁਰਜਨੁ ਦੂਜਾ ਭਾਉ ਹੈ

(ਡਾ: ਪਰਮਜੀਤ ਕੌਰ ਯਮੁਨਾਨਗਰ)

ਪ੍ਰਭੂ ਤੋਂ ਬਿਨਾਂ ਜਿਤਨਾ ਵੀ ਪਿਆਰ ਹੈ, ਮਾਇਆ ਦਾ ਮੋਹ ਹੈ ਉਹ ਸਭ 'ਦੂਜਾ ਭਾਉ' ਹੈ। ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਜਗਤ ਵਿੱਚ ਜਿਤਨੇ ਵੀ ਸ਼ਾਹ, ਬਾਦਸ਼ਾਹ, ਸਰਦਾਰ, ਚੌਧਰੀ ਦਿਸਦੇ ਹਨ, ਸਾਰੇ ਨਾਸ਼ਵੰਤ ਹਨ। ਸਭ ਨੂੰ ਝੂਠ ਅਤੇ 'ਦੂਜਾ ਭਾਉ' ਸਮਝੋ। ਇਹ ਸਭ ਮਾਇਆ ਦਾ ਪਿਆਰ ਹੈ। ਜੇ ਤੂੰ ਪਰਮਾਤਮਾ ਨੂੰ ਛੱਡਕੇ ਹੋਰ ਮਾਇਆ ਆਦਿਕ ਦੀ ਆਸ ਬਣਾਏਗਾ, ਇਹ ਨਾ ਸਮਝੀ ਕਿ ਮਾਇਆ ਤੇਰੇ ਕੰਮ ਆਵੇਗੀ। ਮਾਇਆ ਵਾਲੀ ਆਸ ਪ੍ਰਭੂ ਤੋਂ ਬਿਨਾਂ ਦੂਜਾ ਪਿਆਰ ਹੈ। ਇਹ ਸਾਰਾ ਝੂਠਾ ਪਿਆਰ ਹੈ। ਇਹ ਤਾਂ ਇਕ ਖਿਨ ਵਿਚ ਨਸ਼ਟ ਹੋ ਜਾਵੇਗਾ–

ਜੇ ਕਰੁ ਆਸ ਅਵਰ ਕਰਹਿ ਪਰਮਿਤ੍ਰੀ ਮਤ ਨੂੰ ਜਾਣਹਿ ਤੇਰੈ ਕਿਤੈ ਕੰਮਿ ਆਈ॥
ਇਹ ਆਸ ਪਰਮਿਤ੍ਰੀ ਭਾਉ ਦੂਜਾ ਹੈ ਖਿਨ ਮਹਿ ਝੂਠੁ ਬਿਨਸਿ ਸਭ ਜਾਈ॥
ਮੇਰੇ ਮਨ ਆਸ ਕਰਿ ਹਰਿ ਪ੍ਰੀਤਮ ਸਾਚੇ ਕੀ ਜੋ ਤੇਰਾ ਘਾਲਿਆ ਸਭੁ ਥਾਇ ਪਾਈ॥
(ਗੋਂਡ ਮ: ੫, ਪੰਨਾ ੮੫੯)

ਜਿਹਨੇ ਸਾਹ ਪਾਤਿਸ਼ਾਹ ਉਮਰਾਵ ਸਿਕਦਾਰ ਚਉਧਰੀ ਸਭਿ ਮਿਥਿਆ ਝੂਠੁ ਭਾਉ ਦੂਜਾ ਜਾਣੁ॥
(ਗੋਂਡ ਮ: ੫, ਪੰਨਾ ੮੬੧)

ਜਿਹੜਾ ਮਨੁੱਖ ਪ੍ਰਭੂ ਤੋਂ ਬਿਨਾਂ ਹੋਰ ਦੇ ਪਿਆਰ ਵਿੱਚ ਲੱਗ ਜਾਂਦਾ ਹੈ ਉਹ ਖੁਆਰ ਹੁੰਦਾ ਹੈ। ਪਰਮਾਤਮਾ ਉਸ ਨੂੰ ਦੂਰ ਜਾਪਦਾ ਹੈ-

1 ਦੂਜੇ ਲਗੇ ਪਚਿ ਮੁਏ, ਮੂਰਖ ਅੰਧ ਗਵਾਰ॥ (ਮ: ੩, ਪੰਨਾ ੮੪)
੨ ਇਕਿ ਪਿਰੁ ਹਦੂਰਿ ਨ ਜਾਣਨੀ ਦੂਜੈ ਭਰਮਿ ਭੁਲਾਇ॥ (ਆਸਾ ਮ: ੩, ਪੰਨਾ ੪੨੭)

ਜਿਸ ਕਾਰਣ ਵੀ ਮਨੁੱਖ ਨੂੰ ਪਰਮਾਤਮਾ ਭੁੱਲ ਜਾਂਦਾ ਹੈ ਜਾਂ ਜੋ ਕੁਝ ਵੀ ਪਰਮਾਤਮਾ ਤੋਂ ਵੱਧ ਪਿਆਰਾ ਲਗਦਾ ਹੈ ਉਹ ਸਭ ਮਾਇਆ ਹੈ। ਮਾਇਆ ਹੀ 'ਦੂਜਾ ਭਾਉ' ਦਾ ਮੂਲ ਹੈ–

ਏਹ ਮਾਇਆ ਜਿਤੁ ਹਰਿ ਵੀਸਰੈ ਮੋਹੁ ਉਪਜੈ, ਭਾਉ ਦੂਜਾ ਲਾਇਆ।
(ਰਾਮਕਲੀ ਮ: ੩, ਪੰਨਾ ੯੨੧)

ਪਰਮਾਤਮਾ ਤੋਂ ਬਿਨਾਂ ਜਿਤਨਾ ਵੀ ਪਿਆਰ ਹੈ ਉਹ ਪਰਮਾਤਮਾ ਦੇ ਨਾਲ ਸੁਰਤਿ ਜੋੜਨ ਨਹੀਂ ਦੇਂਦਾ-

ਦੂਜਾ ਭਾਉ ਨ ਦੇਈ ਲਿਵ ਲਾਗਣਿ ਜਿਨਿ ਹਰਿ ਦੇ ਚਰਣ ਵਿਸਾਰੇ।(ਮ: ੩, ਪੰਨਾ ੭੯੬)

ਵਰਤ ਰਖਣੇ, ਕਰਮਕਾਂਡ ਆਦਿਕ ਦਾ ਹਰੇਕ ਨੇਮ-ਨਿਬਾਹਨਾ, ਦੇਵ ਪੂਜਾ ਆਦਿਕ ਆਤਮਿਕ ਜੀਵਨ ਦੀ ਸੂਝ ਤੋਂ ਬਿਨਾਂ ਇਹ ਸਾਰਾ ਉੱਦਮ ਪਰਮਾਤਮਾ ਨੂੰ ਵਿਸਾਰਕੇ ਮਾਇਆ ਦਾ ਪਿਆਰ ਪੈਦਾ ਕਰਨ ਵਾਲਾ ਦੂਜਾ ਭਾਉ ਹੀ ਹੈ–

ਵਰਤੁ ਨੇਮੁ ਨਿਤਾਪ੍ਰਤਿ ਪੂਜਾ॥ ਬਿਨੁ ਬੂਝੇ ਸਭੁ ਭਾਉ ਹੈ ਦੂਜਾ॥ (ਮ: ੩, ਪੰਨਾ ੮੪੧)

ਗੁਰੂ ਸਾਹਿਬ ਨੇ 'ਦੂਜਾ ਭਾਉ' ਨੂੰ ਦੁਰਜਨ ਕਿਹਾ ਹੈ–

'ਦੁਰਜਨੁ ਦੂਜਾ ਭਾਉ ਹੈ'' (ਮ: ੫ ਪੰਨਾ ੧੦੯੫)

ਦੁਰਜਨ ਦਾ ਅਰਥ ਹੈ- ਦੁਸ਼ਟ, ਮੰਦਕਰਮੀ, ਜਿੰਦ ਦਾ ਵੱਡਾ ਵੈਰੀ। ਜੋ ਹਿਤਕਾਰੀ ਨਹੀਂ ਹੁੰਦਾ, ਸਦਾ ਮੰਦਾ ਸੋਚਦਾ ਹੈ, ਦੂਜਿਆਂ ਦੇ ਅਕਲਿਆਣ ਵਿਚ ਸਹਾਈ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਜੋ ਮਨੁੱਖ ਪ੍ਰਭੂ ਨੂੰ ਵਿਸਾਰ ਦੇਂਦੇ ਹਨ ਉਹ ਦੁਰਜਨ (ਮੰਦਕਰਮੀ) ਦੋਜਕ ਦੀ ਅਸਹ ਪੀੜ ਨਾਲ ਤੜਫਦੇ ਹਨ-

(ੳ) ਹਰਿ ਛੋਡਨਿ ਸੇ ਦੁਰਜਨਾ ਪੜਹਿ ਦੋਜਕ ਕੈ ਸੂਲਿ॥ (ਪੰਨਾ ੩੨੨ ਮ: ੫.)
(ਅ) ਸਾਕਤ ਦੁਰਜਨ ਭਰਮਿਆ ਜੋ ਲਗੇ ਦੂਜੈ ਸਾਦਿ॥ (ਮ: ੫. ਪੰਨਾ ੯੫੭)



www.AKJ.Org

ਦੁਰਜਨ ਨਾਲ ਪਿਆਰ ਪਾਣਾ ਦੁਰਮਤਿ ਦਾ ਸੰਕੇਤ ਹੈ–

ਦੁਰਜਨ ਸੇਤੀ ਨੇਹੁ ਰਚਾਇਓ ਦਸਿ ਵਿਖਾ ਮੈ ਕਾਰਣੁ॥
ਊਣੀ ਨਾਹੀ ਝੂਣੀ ਨਾਹੀ ਨਾਹੀ ਕਿਸੈ ਵਿਹੂਣੀ॥
ਪਿਰੁ ਛੈਲ, ਛਬੀਲਾ ਛਡਿ ਗਵਾਇਓ ਦੁਰਮਤਿ ਕਰਮ ਵਿਹੂਣੀ॥ (ਮ: ੫ ਪੰਨਾ ੬੫੯)

ਦੁਰਜਨ ਦਾ ਸੰਗ ਪਹਿਲਾਂ ਸੁਖਦਾਈ ਅਤੇ ਮਿੱਠਾ, ਪਿਆਰਾ ਲੱਗਦਾ ਹੈ ਪਰ ਬਾਦ ਵਿੱਚ ਜੀਵਨ ਨਸ਼ਟ ਕਰ ਦੇਂਦਾ ਹੈ। ਜਿਵੇਂ ਮਣੀ ਨਾਲ ਸਜਿਆ ਹੋਇਆ ਸੱਪ ਵੀ ਡਸਦਾ ਹੀ ਹੈ। ਤਿਵੇਂ ਹੀ ਦੁਰਜਨ ਭਾਵੇਂ ਜਿਤਨਾ ਵੀ ਪੜ੍ਹਿਆ ਲਿਖਿਆ, ਵਿਦਵਾਨ ਹੋਵੇ ਉਹ (ਭਯੰਕਰ) ਘਾਤਕ ਹੀ ਹੁੰਦਾ ਹੈ। ਜਿਸ ਤਰ੍ਹਾਂ ਦੁਰਜਨ ਦਾ ਸੰਗ ਜੀਵਨ ਨੂੰ ਪ੍ਰਭਾਵਿਤ ਕਰਦਾ ਹੈ, ਗਲਤ ਜੀਵਨ ਰਾਹ ਤੇ ਲੈ ਜਾਂਦਾ ਹੈ ਤੇ ਸੱਜਣ ਦਾ ਸਾਥ ਜੀਵਨ ਨੂੰ ਸਵਾਰ ਦੇਂਦਾ ਹੈ ਉਸੇ ਤਰ੍ਹਾਂ ਪਰਮਾਤਮਾ ਤੋਂ ਬਿਨਾਂ ਜਿਤਨਾ ਵੀ ਪਿਆਰ ਹੈ, ਮਾਇਆ ਦਾ ਮੋਹ ਹੈ, ਉਪਰੋਂ ਸੁਖਦਾਈ ਹੁੰਦਾ ਹੋਇਆ ਵੀ ਦੁੱਖਾ ਦਾ ਮੂਲ ਹੈ, ਅਕਲਿਆਣ ਦਾ ਦੁਆਰ ਹੈ–

ਦੂਜੈ ਭਾਇ ਲਗੇ ਦੁਖੁ ਪਾਇਆ॥ ਬਿਨੁ ਸਬਦੈ ਬਿਰਥਾ ਜਨਮੁ ਗਵਾਇਆ॥
(ਆਸਾ ਮ: ੩, ਪੰਨਾ ੩੬੨)

ਮਨਮੁਖ ਮੰਨੁ ਅਜਿਤੁ ਹੈ ਦੂਜੈ ਲਗੈ ਜਾਇ॥
ਤਿਸ ਨੋ ਸੁਖੁ ਸੁਪਨੈ ਨਹੀ ਦੁਖੇ ਦੁਖਿ ਵਿਹਾਇ॥ (ਪੰਨਾ ੬੪੪ ਮ: ੩)
ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ॥
ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ॥ (ਪੰਨਾ ੫੯੩ ਮ: ੩.)

ਹਉਮੈ ਅਤੇ ਅਪਣਤ ਸਰੂਪ ਵਾਲੀ ਮਾਇਆ ਮਾਨੋ ਚੁੜੈਲ ਹੈ ਜੋ ਐਸੇ ਮਨਮੁਖਾਂ ਨੂੰ ਆਪਣੇ ਵਸ ਵਿੱਚ ਕਰ ਲੈਂਦੀ ਹੈ ਜੋ ਅਕਾਲ ਪੁਰਖ ਨੂੰ ਛੱਡ ਕੇ ਕਿਸੇ ਹੋਰ ਦੇ ਮੋਹ ਵਿੱਚ ਚਿੱਤ ਲਾਂਦੇ ਹਨ ਅਤੇ ਨੀਵੇਂ, ਗੰਦੇ ਆਚਰਣ ਵਾਲੇ ਬਣ ਜਾਂਦੇ ਹਨ-

ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ॥
ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨਾ ਵਿਆਪਿ ਰਹੀ ਲਪਟਾਇ। (ਮ: ੩, ੫੧੩)
ਹਮ ਨੀਚ ਮੈਲੇ ਅਤਿ ਅਭਿਮਾਨੀ ਦੂਜੈ ਭਾਇ ਵਿਕਾਰ॥ (ਪੰਨਾ ੪੨੬ ਆਸਾ ਮ: ੩)

ਗੁਰੂ ਰਾਮਦਾਸ ਜੀ ਵਿਸਥਾਰ ਨਾਲ ਸਮਝਾਉਂਦੇ ਹਨ ਕਿ ਮਨਮੁਖ ਪ੍ਰਭੂ ਤੋਂ ਬਿਨਾਂ ਹੋਰ ਪਿਆਰ ਵਿੱਚ ਰਤੇ ਰਹਿਣ ਦੇ ਕਾਰਣ ਸਦਾ ਦੁਖੀ ਰਹਿੰਦੇ ਹਨ। ਦਿਨ ਰਾਤ ਹਾਇ ਹਾਇ ਕਰਦੇ ਰਹਿੰਦੇ ਹਨ ਮਾਇਆ ਦੇ ਦੁਖ ਵਿਚ ਫਸੇ ਹੋਏ ਕ੍ਰੋਧਾਤੁਰ ਰਹਿੰਦੇ ਹਨ। ਉਹਨਾਂ ਦੀ ਸਾਰੀ ਉਮਰ ਮੇਰੀ ਮਾਇਆ ਮੇਰੀ ਮਾਇਆ ਕਰਦਿਆਂ ਲੰਘ ਜਾਂਦੀ ਹੈ। ਦਾਤਾਂ ਦੇਣ ਵਾਲੇ ਦਾਤਾਰ ਪਰਮਾਤਮਾ ਨੂੰ ਕਦੇ ਯਾਦ ਨਹੀਂ ਕਰਦੇ ਅਤੇ ਅੰਤ ਸਮੇਂ ਪਛਤਾਂਦੇ ਹਨ। ਪੁੱਤ੍ਰ ਇਸਤ੍ਰੀ ਆਦਿਕ ਕੋਈ ਭੀ ਮਨੁੱਖ ਦੇ ਨਾਲ ਨਹੀਂ ਜਾਂਦਾ–

ਦੂਜੈ ਭਾਇ ਦੁਖੁ ਹੋਇ ਮਨਮੁਖ ਜਮਿ ਜੋਹਿਆ ਜੀਉ॥
ਹਾਇ ਹਾਇ ਕਰੇ ਦਿਨੁ ਰਾਤਿ ਮਾਇਆ ਦੁਖਿ ਮੋਹਿਆ ਜੀਉ॥
ਮਾਇਆ ਦੁਖਿ ਮੋਹਿਆ ਹਉਮੈ ਰੋਹਿਆ ਮੇਰੀ ਮੇਰੀ ਕਰਤ ਵਿਹਾਵਏ॥
ਜੋ ਪ੍ਰਭੁ ਦੇਇ ਤਿਸੁ ਚੇਤੈ ਨਾਹੀ ਅੰਤਿ ਗਇਆ ਪਛੁਤਾਵਏ॥
ਬਿਨੁ ਨਾਵੈ ਕੋ ਸਾਥਿ ਨ ਚਾਲੈ ਪੁਤ੍ਰ ਕਲਤ੍ਰ ਮਾਇਆ ਧੋਹਿਆ॥
ਦੂਜੈ ਭਾਇ ਦੁਖੁ ਹੋਇ ਮਨਮੁਖਿ ਜਮਿ ਜੋਹਿਆ ਜੀਉ॥ (ਧਨਾਸਰੀ ਮ: ੪ ਪੰਨਾ ੬੯੦)

'ਦੂਜਾ ਭਾਉ' ਮਨੁੱਖ ਨੂੰ ਮਨਮੁਖ ਬਣਾਕੇ ਦੁਰਮਤਿ ਵੱਲ ਲੈ ਜਾਂਦਾ ਹੈ, ਦ੍ਵੈਤ ਦਾ ਪਿਆਰ ਪੈਦਾ ਕਰਕੇ ਭੁਲੇਖਿਆਂ ਵਿੱਚ ਪਾ ਦੇਂਦਾ ਹੈ। ਦੁਰਮਤਿ ਦਾ ਗ੍ਰਸਿਆ ਹੋਇਆ ਮਨੁੱਖ ਮਾਇਆ ਦੇ ਪਿਆਰ ਵਿੱਚ ਫਸਕੇ ਸਹੀ ਜੀਵਨ ਵਲੋਂ ਸੁੱਤਾ ਰਹਿੰਦਾ ਹੈ, ਕਦੇ ਨਾਮ ਨਹੀਂ ਜਪਦਾ, ਪ੍ਰਭੂ ਦੀ ਸਿਫਤਿ-ਸਾਲਾਹ ਦੀ ਬਾਣੀ ਨਹੀਂ ਉਚਾਰਦਾ-


www.AKJ.Org

ਦੁਰਮਤਿ ਦੂਜਾ ਭਾਉ ਹੈ ਵੈਰੁ ਵਿਰੋਧ ਕਰੋਧੁ ਕੁਲੇਖੈ॥
(ਭਾਈ ਗੁਰਦਾਸ ਜੀ ਵਾਰ ੩੧ ਪਉੜੀ ੬)
ਦੂਜੇ ਭਾਇ ਸੂਤੇ ਕਬਹੂ ਨ ਜਾਗਤਿ ਮਾਇਆ ਮੋਹ ਪਿਆਰ॥
(ਬਿਲਾਵਲ ਕੀ ਵਾਰ ਮ: ੫, ਪੰਨਾ ੮੫੧)
ਮਨਮੁਖਿ ਮੋਹੁ ਗੁਬਾਰੁ ਹੈ ਦੂਜੇ ਭਾਇ ਬੋਲੈ॥
ਦੂਜੈ ਭਾਇ ਸਦਾ ਦੁਖੁ ਹੈ ਨਿਤ ਨੀਰੁ ਵਿਰੋਲੈ। (ਪੰਨਾ ੯੫੫ )

ਅਸਲ ਵਿੱਚ ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਆਸਰੇ ਦੀ ਝਾਕ ਐਸੀ ਭੈੜੀ ਮਤਿ ਹੈ ਜਿਸ ਵਿੱਚ ਫਸੀ ਹੋਈ ਜੀਵ ਇਸਤ੍ਰੀ ਅੰਨੀ ਤੇ ਬੋਲੀ ਹੋ ਜਾਂਦੀ ਹੈ। ਨਾ ਉਹ ਪ੍ਰਭੂ ਦੀ ਵਡਿਆਈ ਨੂੰ ਵੇਖ ਕੇ ਅਨੁਭਵ ਕਰ ਸਕਦੀ ਹੈ ਨਾ ਕੰਨਾ ਨਾਲ ਪਰਮਾਤਮਾ ਦੀ ਸਿਫਤਿ ਸਾਲਾਹ ਸੁਣ ਸਕਦੀ ਹੈ। ਉਸਦਾ ਸਰੀਰ ਕਾਮ, ਕ੍ਰੋਧ, ਅਹੰਕਾਰ, ਵਿੱਚ ਗਲਦਾ ਰਹਿੰਦਾ ਹੈ। ਪ੍ਰਭੂ-ਪ੍ਰਤੀ ਉਸਦੇ ਹਿਰਦੇ ਵਿਚ ਵਸਦਾ ਹੈ ਪਰ ਉਹ ਮੂਰਖ ਜੀਵ ਇਸਤ੍ਰੀ ਉਸ ਨੂੰ ਪਛਾਣ ਨਹੀਂ ਸਕਦੀ। ਫੋਕਟ ਕਰਮਾਂ ਅਤੇ ਮੜੇ ਮਸਾਣਿ ਦੇ ਚੱਕਰ ਵਿਚ ਭਟਕਦੀ ਫਿਰਦੀ ਹੈ-

ਦੂਜੀ ਦੁਰਮਤਿ ਅੰਨ੍ਹੀ ਬੋਲੀ॥ ਕਾਮ ਕ੍ਰੋਧ ਦੀ ਕਚੀ ਚੋਲੀ॥
ਘਰਿ ਵਰੁ ਸਹਜ ਨ ਜਾਣੈ ਛੋਹਰਿ ਬਿਨੁ ਪਿਰ ਨੀਦ ਨ ਪਾਈ ਹੇ॥ (ਪੰਨਾ ੧੦੨੨)
ਮੂਲੁ ਨ ਬੂਝਹਿ ਸਾਚਿ ਨ ਰੀਝਹਿ ਦੂਜੈ ਭਰਮਿ ਭੁਲਾਈ ਹੇ॥ (ਮਾਰੂ ਮ: ੧, ਪੰਨਾ ੧੦੨੪)
ਤੀਨਿ ਭਵਨ ਮਹਿ ਏਕੋ ਮਾਇਆ॥
ਮੂਰਖਿ ਪੜਿ ਪੜਿ ਦੂਜਾ ਭਾਉ ਦ੍ਰਿੜਾਇਆ॥
ਬਹੁ ਕਰਮ ਕਮਾਵੈ ਦੁਖੁ ਸਬਾਇਆ॥
ਸਤਿਗੁਰੁ ਸੇਵਿ ਸਦਾ ਸੁਖੁ ਪਾਇਆ॥ (ਆਸਾ ਮ:੩, ਪੰਨਾ ੪੨੩)

ਮਾਇਆ ਦੇ ਪਿਆਰ ਦੇ ਕਾਰਣ ਅੰਦਰ ਇਕੱਠੀ ਹੋਈ ਵਿਕਾਰਾਂ ਦੀ ਮੱਲ ਇਕ ਪਰਮਾਤਮਾ ਤੇ ਪਰਤੀਤਿ ਨਹੀਂ ਰੱਖਣ ਦੇਂਦੀ। ਨਾਮ ਪ੍ਰਾਪਤੀ ਦੇ ਰਸਤੇ ਵਿੱਚ ਦੂਜਾ ਭਾਉ ਸਭ ਤੋਂ ਵਡੀ ਰੁਕਾਵਟ ਹੈ। ਐਸਾ ਮਨੁੱਖ ਤੀਰਥ ਯਾਤਰਾ ਆਦਿਕ ਕਰਦਾ ਹੈ, ਧਰਮ ਗ੍ਰੰਥ ਵੀ ਪੜ੍ਹਦਾ ਹੈ ਪਰ ਇਸ ਤਰ੍ਹਾਂ ਦੇ ਸਰੀਰਕ ਕਰਮਾਂ ਤੇ ਮਾਣ ਕਰਦਾ ਹੋਇਆ ਅਹੰਕਾਰੀ ਹੋ ਜਾਂਦਾ ਹੈ ਅਤੇ ਸਾਰੀ ਜ਼ਿੰਦਗੀ ਤ੍ਰਿਗੁਣੀ ਮਾਇਆ ਦੇ ਬੰਧਨ ਵਿਚ ਫਸਿਆ ਰਹਿੰਦਾ ਹੈ। ਮਾਇਆ ਦਾ ਪਿਆਰ ਹੀ ਜ਼ਿੰਦਗੀ ਦਾ ਪਿਆਰ ਬਣਿਆ ਰਹਿੰਦਾ ਹੈ। ਗੁਰਵਾਕ ਹਨ-

ਇਹੁ ਮਨੁ ਮੈਲਾ ਇਕੁ ਨ ਧਿਆਏ॥ ਅੰਤਰਿ ਮੈਲੁ ਲਗੀ ਬਹੁ ਦੂਜੈ ਭਾਏ॥
ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰ ਵਧੇਰੇ ਹਉਮੈ ਮਲ ਲਾਵਣਿਆ॥ (ਮ: ੩ ਪੰਨਾ ੧੧੬)
ਦੂਜੈ ਭਾਇ ਪੜੈ ਨਹੀ ਬੂਝੈ॥ ਤ੍ਰਿਬਿਧਿ ਮਾਇਆ ਕਾਰਣਿ ਲੂਝੈ॥
ਤ੍ਰਿਬਿਧਿ ਬੰਧਨ ਤੂਟਹਿ ਗੁਰ ਸਬਦੀ ਗੁਰ ਸਬਦੀ ਮੁਕਤਿ ਕਰਾਵਣਿਆ॥
(ਮਾਝ ਮ: ੩ ਪੰਨਾ ੧੨੭)

ਇਸ ਤਰ੍ਹਾਂ ਕੀਤਾ ਗਿਆ ਜਪ ਤਪ ਭੀ ਵਿਅਰਥ ਹੋ ਜਾਂਦਾ ਹੈ-

ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ॥ ਜਾ ਕੇ ਰਿਦੈ ਭਾਉ ਹੈ ਦੂਜਾ॥(ਪੰਨਾ ੩੨੪)

ਐਸੇ ਮਨੁੱਖ ਆਪਣੇ ਆਤਮਿਕ ਜੀਵਨ ਨੂੰ ਤਬਾਹ ਕਰਕੇ ਮੌਤ ਨੂੰ ਖਰਾਬ ਕਰ ਲੈਂਦੇ ਹਨ-

ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ॥ ਦੂਜੈ ਭਾਇ ਆਤਮ ਸੰਘਾਰਹਿ॥(ਪੰਨਾ ੩੬੨)
ਮਨਮੁਖੁ ਭੂਲਾ ਦੂਜੈ ਭਾਇ ਖੁਆਏ॥ ਨਾਮੁ ਨ ਲੇਵੈ ਮਰੈ ਬਿਖੁ ਖਾਏ॥
ਅਨਦਿਨੁ ਸਦਾ ਵਿਸਟਾ ਮਹਿ ਵਾਸਾ ਬਿਨੁ ਸੇਵਾ ਜਨਮੁ ਗਵਾਵਣਿਆ॥
(ਮਾਝ ਮ: ੩ ਪੰਨਾ ੧੧੯)

ਪਰਮਾਤਮਾ ਤੋਂ ਬਿਨਾਂ ਹੋਰ ਆਸਰੇ ਦੀ ਭਾਲ ਸੁਆਰਥੀ ਬਣਾ ਦੇਂਦੀ ਹੈ, ਅਕਲ ਅੰਨੀ ਹੋ ਜਾਂਦੀ


www.AKJ.Org

ਹੈ। ਅੱਜ ਦੀ ਜ਼ਿੰਦਗੀ 'ਦੁਰਜਨ ਦੂਜੇ ਭਾਉ' ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਗਈ ਹੈ। ਗੁਰਮਤਿ ਤੋਂ ਦੂਰ ਦੁਰਮਤਿ ਵੱਲ ਜਾ ਰਿਹਾ ਗੁਰੂ ਦਾ ਸਿੱਖ 'ਬਿਪਰਨ ਦੀ ਰੀਤਿ' ਦੇ ਚਕ੍ਰਵਿਊਹ ਵਿੱਚ ਫਸ ਗਿਆ ਹੈ, ਧੜੇ ਬਾਜੀ ਦਾ ਸ਼ਿਕਾਰ ਹੋ ਗਿਆ ਹੈ। ਆਪਣੇ ਆਪ ਨੂੰ ਚੰਗਾ ਸਮਝਦਾ ਹੋਇਆ ਦੂਜਿਆਂ ਦੇ ਐਬ ਫਰੋਲਦਾ ਫਿਰਦਾ ਹੈ ਗੁਰੂ ਰਾਮਦਾਸ ਜੀ ਇਸ ਅਵਸਥਾ ਦਾ ਸੰਕੇਤ ਕਰ ਰਹੇ ਹਨ–

ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ॥
ਪਰਾਇਆ ਛਿਦ੍ਰ ਅਟਕਲੈ ਆਪਣਾ ਅਹੰਕਾਰ ਵਧਾਵੈ। (ਆਸਾ ਮ: ੪ ਪੰਨਾ ੩੬੬)

ਅੰਤ ਵਿੱਚ ਪਛਤਾਵਾ ਹੀ ਇਸ' ਦਾ ਫਲ ਹੈ–

ਦੂਜੈ ਭਾਇ ਲਗੇ ਪਛੁਤਾਵੈ॥ ਜਮਦਰਿ ਬਾਧੇ ਆਵਣ ਜਾਵੈ॥ (ਪੰਨਾ ੮੩੯ ਮ:੧)

ਜਿਤਨਾ ਚਿਰ ਅੰਦਰ ਲੋਭ ਹੈ ਉਤਨਾਂ ਚਿਰ ਖੁਆਰੀ ਹੈ, ਦੂਜਾ ਭਾਉ ਹੈ, ਭਟਕਦਾ ਹੈ–

ਅੰਤਰਿ ਲੋਭੁ ਵਿਕਾਰੁ ਹੈ ਦੂਜੈ ਭਾਇ ਖੁਆਰਿ॥ (ਪੰਨਾ ੬੫੦)

ਮਨ ਦੀ ਮਤਿ ਤਿਆਗ ਕੇ ਗੁਰੂ ਦੀ ਸ਼ਰਣ ਵਿੱਚ ਆਉਣ ਨਾਲ ਹੀ ਜੀਵਨ ਵਿਚ ਫੈਲਿਆ ਹੋਇਆ ਅਗਿਆਨ ਰੂਪ ਅੰਧਕਾਰ ਦੂਰ ਕੀਤਾ ਜਾ ਸਕਦਾ ਹੈ। ਸਤਿਗੁਰੂ ਸਦਾ ਦਇਆਲ ਹੈ ਸ਼ਰਣ ਪਿਆ ਦੇ ਔਗੁਣ ਸ਼ਬਦ ਦੀ ਰਾਹੀ ਸਾੜ ਦੇਂਦਾ ਹੈ ਮਾਇਆ ਦਾ ਪਿਆਰ ਦੂਰ ਕਰ ਦੇਂਦਾ ਹੈ–

ਸਤਿਗੁਰੁ ਸਦਾ ਦਇਆਲੁ ਹੈ ਅਵਗੁਣ ਸਬਦਿ ਜਲਾਏ॥
ਅਉਗੁਣ ਸਬਦਿ ਜਲਾਏ ਦੂਜਾ ਭਾਉ ਗਵਾਏ ਸਚੇ ਹੀ ਸਚਿ ਰਾਤੀ
(ਪੰਨਾ ੫੮੩ ਵਡਹੰਸੁ ਮ: ੩)

ਹਉਮੈ ਜਲਤੇ ਜਲਿ ਮੂਏ ਭ੍ਰਮਿ ਆਏ ਦੂਜੇ ਭਾਇ॥
ਪੂਰੈ ਸਤਿਗੁਰਿ ਰਾਖਿ ਲੀਏ ਆਪਣੈ ਪਲੈ ਪਾਇ॥ (ਪੰਨਾ ੬੪੩ ਮ: ੩)
ਇਤੁ ਮਾਰਗਿ ਚਲੇ ਭਾਈਅੜੇ ਗੁਰ ਕਹੈ ਸੁ ਕਾਰ ਕਮਾਇ ਜੀਉ॥
ਤਿਆਗੇ ਮਨ ਕੀ ਮਤੜੀ ਵਿਸਾਰੇ ਦੂਜਾ ਭਾਉ ਜੀਉ॥
ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ॥
(ਸੂਹੀ ਮ: ੫ ਪੰਨਾ ੭੬੩)

ਸੰਖੇਪ ਵਿੱਚ ਕਿਹਾ ਜਾ ਸਕਦਾ ਹੈ ਕਿ ਜਿੰਨਾ ਦੇ ਅੰਦਰ ਮਾਇਆ ਦਾ ਮੋਹ, ਦੂਜਾ ਭਾਉ ਅਤੇ ਭੈੜੀ ਮਤਿ ਹੈ ਉਹਨਾਂ ਨੂੰ ਸੰਸਾਰ ਦੇ ਸੁਖ ਗਲਤ ਰਾਹ ਤੇ ਲੈ ਜਾਂਦੇ ਹਨ ਪਰ ਗੁਰਮਤਿ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਵਾਲਾ, ਗੁਰ ਸ਼ਬਦ ਦੀ ਕਮਾਈ ਕਰਨ ਵਾਲਾ ਮਨੁੱਖ ਦੂਜਾ ਭਾਉ ਵਿਸਾਰ ਕੇ, ਇਕ ਪਰਮਾਤਮਾ ਦੇ ਡਰ ਅਦਬ ਅਤੇ ਪਿਆਰ ਵਿੱਚ ਰਹਿੰਦਾ ਹੋਇਆ ਅਕਾਲ ਪੁਰਖ ਦੀ ਮਿਹਰ ਪ੍ਰਾਪਤ ਕਰ ਲੈਂਦਾ ਹੈ।

( ਪੰਨਾ ੩੦ ਦਾ ਬਾਕੀ ...)

ਵਧਿਆ ਹਾਥੀ ਵੱਲ ਨੂੰ, ਯੋਧਾ ਬਲਕਾਰੀ।
ਧੂ ਨਾਗਣੀ ਉਸ ਨੇ, ਹਾਥੀ ਦੇ ਮਾਰੀ।
ਗਈ ਤਵੇ ਨੂੰ ਚੀਰਦੀ, ਧਸ ਅੰਦਰ ਸਾਰੀ।
ਹਾਥੀ ਭੱਜਿਆ ਚੀਕਦਾ, ਖਾ ਫੱਟ ਕਰਾਰਾ।
ਇੱਕੋ ਵਾਰੀ ਸਿੰਘ ਦਾ, ਕਰ ਗਿਆ ਨਿਤਾਰਾ।
ਭੱਜਿਆ ਰਣ 'ਚੋਂ ਕੇਸਰੀ, ਲਸ਼ਕਰ ਵੀ ਸਾਰਾ।
ਸ਼ੇਰ ਬਚਿੱਤਰ ਸਿੰਘ ਨੇ, ਸੀ ਰੱਖ ਵਿਖਾਈ।
ਸਿੰਘ ਬਹਾਦਰ ਹੋਂਵਦਾ, ਇਹ ਅਸਲ ਸਚਾਈ।
ਸਿੰਘ ਸੂਰਮੇ ਕਦੇ ਨਾ, ਰਣ ਪਿੱਠ ਵਿਖਾਈ।


www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

* ਲੜੀ ਜੋੜਨ ਲਈ ਸੂਰਾ ਸਤੰਬਰ 2000 ਦੇਖੋ

## ੨੮-ਚਹੁੰ ਜੁਗਾਂ ਦਾ ਨਿਬੇੜਾ

ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ॥
ਇਸ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ
ਮਤੁ ਕੋ ਧਰਹੁ ਗੁਮਾਨਾ॥੧॥
ਸਤਿਗੁਰ ਕੀ ਜਿਸ ਨੋ ਮਤਿ ਆਵੈ ਸੋ ਸਤਿਗੁਰ ਮਾਹਿ ਸਮਾਨਾ॥
ਇਹ ਬਾਣੀ ਜੋ ਜੀਅਹੁ ਜਾਣੈ ਤਿਸੁ ਅੰਤਰਿ ਰਵੈ ਹਰਿ ਨਾਮਾ॥੧॥ ਰਹਾਉ॥
ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ॥
ਜਤੁ ਸੰਜਮ ਤੀਰਥ ਓਨਾ ਜੁਗਾ ਦਾ ਧਰਮੁ ਹੈ
ਕਲਿ ਮਹਿ ਕੀਰਤਿ ਹਰਿ ਨਾਮਾ॥੨॥
ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ॥
ਗੁਰਮੁਖਿ ਜਿਨੀ ਧਿਆਇਆ ਹਰਿ ਹਰਿ ਜਗਿ ਤੇ ਪੂਰੇ ਪਰਵਾਨਾ॥੩॥
ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ ਚੂਕੈ ਮਨਿ ਅਭਿਮਾਨਾ॥
ਕਹਤ ਸੁਣਤ ਸਭੇ ਸੁਖ ਪਾਵਹਿ ਮਾਨਤ ਪਾਹਿ ਨਿਧਾਨਾ॥੪॥੪॥

(ਬਿਲਾਵਲ ਮ: ੩, ਪੰਨਾ ੭੯੭-੯੮)

ਵਿਆਖਿਆ : ਸਿਰਜਨਹਾਰ ਕਰਤਾਰ ਸ੍ਰਿਸ਼ਟੀ ਰਚਨਹਾਰ ਕਰਤੇ ਪੁਰਖ ਨੇ ਪੂਰੈ ਸਰਬੱਗ ਪੁਰਖ ਨਿਰੰਕਾਰ ਨੇ ਸ੍ਰਿਸ਼ਟੀ-ਰਚਨਾ ਦਾ ਪੂਰਾ ਹੀ ਠਾਟ ਬਣਾਉ ਬਣਾਇਆ ਹੈ। ਦੇਖਣ ਵਾਲੀ ਅਚਰਜ ਗੱਲ ਇਹ ਹੈ ਕਿ ਸਭ ਇਕ ਸਮਾਨ ਹੀ ਥਾਟ ਥਟਿਆ ਹੋਇਆ ਹੈ।

"ਪੂਰੇ ਕੀ ਕੀਆ ਸਭੁ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ"

ਗੁਰੂ ਪੂਰੇ ਨੇ ਰਚਨਾ ਰਚਨ ਵਿਚਿ ਕਿਤੇ ਘਾਟ ਵਾਧ ਨਹੀਂ ਕੀਤੀ, ਇਕ ਸਮਾਨ ਹੀ ਰਚਨਾ ਰਚੀ ਹੈ। ਇਹ ਰਚਿਆ ਹੋਇਆ ਸਾਰਾ ਸੰਸਾਰ ਪੰਜਾਂ ਤਤਾਂ ਦੀ ਹੀ ਰਚੀ ਪਰਪੰਚ ਰਚਨਾ ਹੈ। ਸਾਰੇ ਸੰਸਾਰੀ ਪੁਰਸ਼ ਪੰਚ-ਤਤਕੀ ਪੰਜ-ਭੂਤਕੀ ਕਰਮ ਕਰਦੇ ਹਨ, ਪਰ ਇਸ ਪਰਪੰਚ ਸੰਸਾਰ ਵਿਚਿ ਵਡਿਆਈ ਹੈ ਤਾਂ ਸਾਚੇ ਨਾਮ ਨਿਰਬਾਣੀ ਕਰਮ ਕਮਾਈਆਂ ਕਰਨਹਾਰਿਆਂ ਦੀ ਹੈ। ਹੋਰ ਕਿਸੇ ਕਰਮ ਦੀ, ਕਿਸੇ ਆਨ ਕਰਮ ਕਰਨਹਾਰੇ ਦੀ ਵਡਿਆਈ ਨਹੀਂ। ਮਤੇ ਕੋਈ ਆਨ ਪਰਪੰਚ ਕਰਮੀ ਆਪਣੇ ਪਰਪੰਚ ਕਰਮ ਦੀ ਵਡਿਆਈ ਲਈ ਫਿਰੇ ਤੇ ਕਰਮ ਵਡਿਆਈ ਦਾ ਅਭਿਮਾਨ ਕਰੀ ਫਿਰੇ, ਅਭਿਮਾਨ ਕਰ ਕੇ ਆਪਣੇ ਹਿਰਦੇ ਅੰਦਰਿ ਧਰੀ ਫਿਰੇ। ਜੇ ਕੋਈ ਕਿਸੇ ਹੋਰ ਆਪਣੇ ਕੀਤੇ ਕਰਮਾਂ ਦਾ ਅਭਿਮਾਨ ਆਪਣੇ ਮਨ ਵਿਚ ਕਰਦਾ ਹੈ, ਉਸ ਦਾ ਐਸਾ ਕਰਨਾ ਬਿਰਥਾ ਹੈ। ਬਿਰਥਾ ਹੀ ਨਹੀਂ ਮਹਾਂ ਮੂਰਖਤਾ ਭਰਿਆ ਗੁਮਾਨ ਹੈ। ਤ੍ਰਿਤੀਏਸ ਗੁਰੂ ਨਾਨਕ ਅਮਰੇਸ਼ ਨੇ ਮੋਹਰ ਲਾ ਦਿਤੀ ਹੈ ਕਿ ਪਰਪੰਚ-ਰਚਨਾ ਦੇ ਪਰਪੰਚੀ ਲੋਕਾਂ ਦੇ ਪਰਪੰਚ ਕਰਮਾਂ ਦੀ ਕੋਈ ਵਡਿਆਈ ਨਹੀਂ। ਇਸ ਪਰਪੰਚ ਵਿਖੇ ਵਡਿਆਈ ਹੈ ਤਾਂ ਸਾਚੇ ਨਾਮ, ਨਿਰਬਾਣੀ ਨਾਮ ਕਰਮ ਅਭਿਆਸ ਦੀ ਹੈ। ਆਨ ਪਰਪੰਚ-ਕਰਮੀ ਆਪੋ ਆਪਣੇ ਕਰਮਾਂ ਧਰਮਾਂ ਦਾ ਫ਼ਜ਼ੂਲ ਮਾਨ ਗੁਮਾਨ ਕਰੀ ਫਿਰਦੇ ਹਨ।

ਸਤਿਗੁਰੂ ਦੀ ਜਿਸ ਨੂੰ ਸੱਚੀ ਸੁਮਤਿ ਗੁਰਮਤਿ ਮਤਿ ਆਉਂਦੀ ਹੈ, ਉਹ ਸੱਚੇ ਸਤਿਗੁਰੂ ਤੋਂ ਗੁਰ-ਦੀਖਿਆ ਲੈ ਕੇ, ਉਸ ਗੁਰ-ਦੀਖਿਆ ਅਨੁਸਾਰੀ ਕਰਮ ਕਮਾਈਆਂ ਕਰਦਾ ਹੈ ਅਤੇ ਇਹ ਕਰਮ ਕਮਾਈਆ ਕਰਦਾ ਕਰਦਾ ਸਤਿਗੁਰੂ ਦੇ ਸਰੂਪ ਵਿਖੇ ਸਮਾ ਜਾਂਦਾ ਹੈ। ਇਹ ਕਰਮ ਕਮਾਈ ਸੱਚੇ ਨਾਮ ਦੀ ਹੀ ਹੈ, ਜੋ ਗੁਰ-ਦੀਖਿਆ ਗੁਰਮੰਤ੍ਰ ਦੁਆਰਾ ਸਤਿਗੁਰੂ ਦੇ ਦੁਆਰਿਓਂ ਗੁਰਸਿੱਖਾਂ ਗੁਰਮੁਖ ਜਨਾਂ ਨੂੰ ਪ੍ਰਾਪਤਿ ਹੁੰਦੀ ਹੈ।



www.AKJ.Org

ਜਿਸ ਨਾਮ ਅਭਿਆਸ-ਮਈ ਕਰਮ-ਕਮਾਈ ਨੂੰ ਕਰਿ ਕਰਿ ਉਕਤ ਗੁਰਮੁਖ ਜਨ ਪੰਚ ਪਰਵਾਨ ਪੰਚ ਪ੍ਰਧਾਨ ਗੁਰੂ ਵਰ ਦਰ ਨੀਸ਼ਾਨੇ ਹੋ ਜਾਂਦੇ ਹਨ। ਜੋ ਸਤਿਗੁਰੂ ਦੀ ਉਪਦੇਸ਼ ਦੀਖਿਆ ਰੂਪੀ ਬਾਣੀ ਨੂੰ ਮਨੋਂ ਤਨੋਂ ਹਿਤੋਂ ਚਿਤੋਂ ਜਿਗਰੋਂ ਸਤਿ ਜਾਣ ਕੇ ਮੰਨਦਾ ਹੈ ਤਿਸ ਗੁਰਮੁਖ ਜਨ ਦੇ ਹੀ ਹਿਰਦੇ ਅੰਦਰਿ, ਅੰਤਰਿ ਆਤਮੇ ਰਗੋ ਰੇਸ਼ੇ, ਅੰਦਰਿ ਰੋਮ ਰੋਮ ਵਿਚ ਸੱਚੜਾ ਨਾਮ ਦ੍ਰਿੜਤਾ ਸਹਿਤ ਪਰਵੇਸ਼ ਹੋ ਜਾਦਾ ਹੈ। ਓਹੀ ਜਨ ਜੁਟ ਕੇ ਟੁਟ ਕੇ ਨਾਮ ਅਭਿਆਸ ਕਮਾਈਆਂ ਕਰਦਾ ਹੈ। ਏਸ ਪਰਧਾਨ ਕਰਮ ਦੁਆਰਾ ਹੀ ਨਿਸਤਾਰਾ ਪਾਰ-ਉਤਾਰਾ ਹੈ। ਇਹੀ ਨਾਮ ਅਭਿਆਸ ਰੂਪੀ ਸੱਚੜਾ ਪਰਧਾਨ ਕਰਮ ਹੀ ਸਫਲ ਫਲਾਰਾ ਹੈ।

ਗੁਰਮਤਿ ਨਾਮ ਦੀ ਇਸ ਪਰਧਾਨਤਾ (ਫ਼ਜ਼ੀਲਤ) ਦਾ ਤੱਤ ਨਿਬੇੜਾ ਹੁਣ ਨਿਬੇੜਾ ਹੈ। ਸਾਰੇ ਜੁਗਾਂ ਦੇ ਪਰਖ ਦੇਖੇ ਕਰਮਾਂ ਦੇ ਗੁੱਰੰਤ ਜ਼ਮੀਰ ਨੂੰ ਪਰਤੱਖ ਹੋਏ ਤਜਰਬਿਆਂ ਦਾ ਤੱਤ ਨਿਚੋੜ ਇਹੀ ਹੈ ਕਿ ਮਾਨੁਖ ਜਾਤੀ ਦੇ ਹਰ ਫ਼ਰਦ ਬਸ਼ਰ (ਪ੍ਰਾਣੀ ਮਾਤਰ) ਲਈ ਬਰਕਤਾਂ ਦਾ ਖ਼ਜ਼ਾਨਾ ਇਕੋ ਗੁਰਮਤਿ ਨਾਮ ਅਤੇ ਗੁਰਮਤਿ ਨਾਮ ਅਭਿਆਸ ਮਈ ਤੱਤ ਗੁਰਮਤਿ ਕਰਮ ਹੀ ਹੈ। ਨਾਮ-ਨਿਧਾਨੀਬਰਕਤਾਂ ਵਾਲਾ ਪਰਧਾਨ ਗੁਰਮਤਿ ਕਰਮ ਇਕ ਸਰਬੋਤਮ ਕਰਮ ਹੈ, ਜਿਸ ਦੀ ਪਰਧਾਨਤਾ ਸਾਰੇ ਹੀ ਚਾਰੇ ਜੁਗਾਂ ਵਿਚਿ ਮੰਨੀ ਪਰਮੰਨੀ ਗਈ ਹੈ। ਨਰ ਪ੍ਰਾਣੀਆਂ ਦੇ ਜੁਗਾਂ-ਜੁਗਾਂਤਰੀ ਕੀਤੇ ਕਰਮਾਂ ਦਾ ਨਿਬੇੜਾ ਹੁਣ ਇਸ ਕਲਜੁਗ ਅੰਦਰਿ ਹੋਣਾ ਹੈ। ਹੋਣ ਵਾਲਾ ਹੀ ਹੈ। ਨਾਮ-ਨਿਧਾਨੀ ਗੁਰਮੁਖ ਪਰਧਾਨ ਕਰਮ ਵਾਲਿਆਂ ਦੀ ਹੀ ਹਰੇਕ ਕਰਮ-ਛੇਤਰ ਅੰਦਰਿ ਜੈ ਬਿਜੈ ਹੋਣੀ ਹੈ, ਹਰ ਮੈਦਾਨ ਫ਼ਤਹ ਹੋਣੀ ਹੈ। ਜਿਸ ਜਿਸ ਨੂੰ ਭੀ ਇਹ ਨਾਮ-ਨਿਧਾਨੁ ਮਿਲ ਗਿਆ, ਉਸੇ ਦੀ ਹੀ ਹਰੇਕ ਕਰਮ-ਛੇਤਰ ਵਿਚਿ ਕਾਮਯਾਬੀ ਹੋਵੇਗੀ। ਆਚਾਰ ਬਿਉਹਾਰੀ ਅਰਥ ਪਰਮਾਰਥੀ ਸਮਾਜਸੀ ਰਾਜਸੀ ਮੈਦਾਨ ਵਿਚਿ ਓੜਕ ਜੈ-ਬਿਜਈ ਸੇਹਰਾ ਨਾਮ-ਨਿਸ਼ਾਨੀਆਂ ਨੂੰ ਹੀ ਮਿਲਣਾ ਹੈ। ਖਾਲਸਾ ਕੌਮ ਨਾਮ-ਨਿਧਾਨੀ ਕਰਮ-ਪਰਧਾਨੀ ਗੁਰਮੁਖਾਂ ਦੀ ਹੀ ਹੈ। ਤੇਜ ਪਰਤਾਪ ਸਾਰਾ ਨਾਮ ਨਿਧਾਨ ਦੀ ਬਰਕਤ ਕਮਾਈਆਂ ਵਿਚਿ ਹੈ। ਨਾਮ ਦੀ ਬਰਕਤ ਕਮਾਈ ਵਾਲੇ ਖਾਲਸਾ ਜਨ ਓਹ ਹਨ ਜਿਨ੍ਹਾਂ ਨੇ ਜਾਗਤ ਜੋਤਿ ਨੂੰ ਨਿਸਬਾਸਰ ਜਪ ਕੇ ਪੂਰਨ ਜੋਤਿ ਨੂੰ ਆਪਣੇ ਘਟਾਂ ਵਿਚਿ ਜਗਾ ਲਿਆ ਹੈ। ਤਾਂਤੇ ਚੌਹਾਂ ਜੁਗਾਂ ਦਾ ਨਿਬੇੜਾ ਹੋਣਾ ਹੁਣ ਅਤਿ ਨੇੜੇ ਹੈ, ਕਸਰ ਹੈ ਤਾਂ ਘਟ-ਜੋਤਿ-ਜਗੰਤਰੇ ਗੁਰਮੁਖ ਜਨਾਂ ਨੂੰ ਪੰਥ ਅੰਦਰਿ ਪਰਗਟ ਰੂਪ ਵਿਚਿ ਪਰਧਾਨਤਾ ਮਿਲਣ ਦੀ ਹੈ। ਮਲੇਛ ਰਾਜ ਦੇ ਸਦੀਆਂ ਬੱਧੇ ਉਲਟ ਪ੍ਰਭਾਵ ਪੈਣ ਕੁਰਕੇ ਅਤੇ ਮਲੇਛੀ ਹਕੂਮਤ ਦੀ ਗੁਲਾਮੀ ਕਰਨ ਕਰਕੇ, ਇਸ ਮਲੇਛੀ ਹਕੂਮਤ ਦੀ ਗੁਲਾਮੀ ਕਰਨਹਾਰੇ ਸਿਖ ਸ਼ਕਲ ਦੇ ਗੁਲਾਮਾਂ ਅੰਦਰਿ ਮਲੇਛਤਾ ਛਾ ਗਈ ਹੈ, ਮਲੇਛਤਾ ਘਰ ਕਰ ਗਈ ਹੋਈ ਹੈ, ਜਿਸ ਕਰਕੇ ਖਾਲਸਈ ਤੱਤ ਓਹਨਾਂ ਵਿਚਿ ਨਹੀਂ ਰਹਿਆ। ਮਲੇਛਤਾ ਦਾ ਮਿਲਗੋਭਾਪਨ ਵਰਤ ਗਿਆ। ਇਹ ਮਲੇਛੀ ਮਿਲਗੋਭਾਪਨ-ਅੰਸੀਏ ਦੇਖਣ ਪਾਖਣ ਨੂੰ ਸਿਖ ਦਿਸਣ ਵਾਲੇ ਮਾਨੂ ਮਲੇਛ ਸਿਖ ਬਣ ਗਏ ਹਨ, ਜਿਨ੍ਹਾਂ ਦੇ ਕਰਮ ਧਰਮ ਚੱਜ ਆਚਾਰ ਸਭ ਮਲੇਛਾਂ ਵਾਲੇ ਹੀ ਹਨ। ਸਿਰਫ਼ ਬੁਰਕਾਂ ਹੀ ਬੁਰਕਾ ਸਿਖੀ ਦਾ ਹੈ। ਨਾਮ ਨਿਧਾਨ ਤਿਨ੍ਹਾਂ ਦੇ ਨੇੜੇ ਨਹੀਂ। ਨਾਮ-ਨਿਧਾਨੀ ਪਰਧਾਨ-ਕਮਾਈਆਂ ਤਾਂ ਓਹਨਾਂ ਤੋਂ ਕੀ ਹੋਣੀਆਂ ਸਨ। ਅਹੰਮਤ ਮਤਸਰੀ ਬਣੇ ਹੋਏ ਆਪਣੀ ਕੌਮ ਦੇ ਅੰਗਾਂ ਨੂੰ ਹੀ ਵੱਢ ਵੱਢ ਖਾ ਰਹੇ ਹਨ। ਇਕ ਦੂਜੈ ਦੇ ਵੈਰੀ ਹੋ ਗਏ ਹਨ। ਖਾਲਸਈ ਗ਼ੈਰਤ ਅਣਖ ਤਿਨ੍ਹਾਂ ਦੇ ਅੰਦਰਿ ਰਾਈ ਮਾਤਰ ਭੀ ਨਹੀਂ ਰਹੀ। ਨਿਪੁੰਸਕ ਆਨਮਤੀ ਹਕੂਮਤ ਦੀ ਚਾਕਰੀ ਗੁਲਾਮੀ ਕਰਨਾ ਬੜਾ ਭਾਰੀ ਫ਼ਖ਼ਰ ਸਮਝਦੇ ਹਨ। ਪੰਥ ਵਿਚਿ ਫੋਕੀ ਚੌਧਰਤਾ ਹੀ ਭਾਲਦੇ ਹਨ। ਪੰਥ ਅੰਦਰਿ ਇਹ ਜੋ ਫੋਕਟ ਚੌਧਰਤਾ ਦੇ ਧੜੇ ਬਣ ਰਹੇ ਹਨ, ਇਹ ਸਭ ਏਸ ਕਰਕੇ ਹਨ ਕਿ ਏਹਨਾਂ ਅੰਦਰਿ ਮਹਾਂ ਮਲੇਛਤਾ ਛਾਈ ਹੋਈ ਹੈ, ਜੋ ਮਿਟਾਈ ਮਿਟਦੀ ਨਹੀਂ। ਖ਼ੁਦ ਮਿਟ ਜਾਣਗੇ ਤਾਂ ਮਿਟੇਗੀ, ਪੰਥ ਵਿਚੋਂ ਇਹ ਮਲੇਛ ਅੰਸ਼ ਖੈ ਹੋ ਜਾਵੇਗੀ। ਅਤੇ ਨਿਰੋਲ ਖਾਲਸਈ ਰੂਹਾਂ, ਤੱਤ ਨਾਮ ਨਿਧਾਨੀ ਰੂਹਾਂ ਨਿਖਰ ਅਤੇ ਨਿੱਤਰ ਆਉਣਗੀਆਂ। ਅਜਿਹੀਆਂ ਰੂਹਾਂ ਦੇ ਪੁੰਜਾਂ ਦੇ ਪੁੰਜ ਪੈਦਾ ਹੋ ਜਾਣਗੇ, ਜੋ ਦਬਾ ਦਬ ਗੁਰੂ ਨੇਤ ਅਨੁਸਾਰ ਪੈਦਾ ਹੋ ਰਹੇ ਹਨ, ਅਤੇ ਪੈਦਾ ਹੁੰਦੇ ਚਲੇ ਜਾ ਰਹੇ ਹਨ। ਫੇਰ ਖਾਲਸੇ ਦਾ ਹਲੇਮੀ ਰਾਜ ਸੰਸਾਰ-ਵਰਤੇਗਾ। ਓੜਕ ਨਾਮ-ਨਿਧਾਨੀਆਂ ਦੀ ਹੀ ਹਰ ਮੈਦਾਨ ਫ਼ਤਹ ਹੋਣੀ ਹੈ। ਨਾਮ ਨਿਧਾਨ ਕਮਾਈ ਵਾਲੇ ਪੰਜਾਂ ਦੇ ਹਥਿ ਜਦੋਂ ਪੰਥ



www.AKJ.Org

ਦੀ ਡੋਰ ਆਵੇਗੀ ਤਦੋਂ ਇਹ ਮਲੇਛੀ ਅੰਸ ਖਾਲਸਈ ਕੌਮ ਵਿਚੋਂ ਆਪੇ ਖੈ ਹੋ ਜਾਵੇਗੀ। * ''ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ'' ਗੁਰਵਾਕ ਦੇ ਭਾਵ ਅਨੁਸਾਰ ਖਾਲਸਾ ਕੌਮ ਸੱਚੇ ਸੂਰਮਿਆਂ ਸੂਰਬੀਰਾਂਦੀ ਕੌਮ ਹੈ। ਸੱਚੀ ਸੂਰਮਤਾ ਸੂਰਬੀਰਤਾ ਆਤਮ-ਰੰਗ ਵਾਲੇ ਨਾਮ-ਨਿਧਾਨੀ ਗੁਰਮੁਖਾਂ ਅੰਦਰਿ ਹੀ ਆ ਸਕਦੀ ਹੈ। ਇਸ ਜੁਗ ਕਲਜੁਗ ਅੰਦਰ ਨਾਮ ਨਿਧਾਨ ਹੀ ਪਰਧਾਨ ਕਰਮ ਹੈ। ਅਤੇ ਪਰਧਾਨ-ਕਰਮੀ ਗੁਰਮੁਖ ਜਨ ਖਾਲਸਾ ਕੌਮ ਅੰਦਰਿ ਹੀ ਵਿਦਮਾਨ ਹਨ। ਅਤੇ ਦੂਜੀ ਕੋਈ ਸੂਰਤ ਹੀ ਨਹੀਂ ਜਿਸ ਕਰਕੇ ਕਿ ਸਾਰੇ ਸੰਸਾਰ ਦੇ ਮਜ਼ਲੂਮਾਂ ਉਤੇ ਜ਼ੁਲਮ ਹੋਣੇ ਹਟ ਜਾਣ। ਚੌਹਾਂ ਜੁਗਾਂ ਦਾ ਨਿਬੇੜਾ ਇਸ ਬਿਧਿ ਹੀ ਹੋਵੇਗਾ। ਜਦ ਨਾਮ-ਰਸੀਏ ਸਿੰਘ ਖੁੰਬਾਂ ਵਾਂਗੂੰ ਖਾਲਸਾ ਕੌਮ ਅੰਦਰਿ ਉਗਵ ਖਲੋਣਗੇ, ਅਤੇ ਉਗਵਣਗੇ ਨਾਮ-ਨਿਧਾਨੀ ਸੂਰਮੱਤ ਪਰਧਾਨ ਸਪਿਰਿਟ ਦੇ ਤਾਣ। ਖਾਲਸਈ ਸਪਿਰਿਟ ਵਿਥਾਰੂ ਸਤਿਗੁਰੂ ਸੂਰਮਾਂ ਸਦਾ ਖਾਲਸਾ ਜੀ ਦੇ ਸੀਸ ਉਤੇ ਸੁਭਾਇਮਾਨ ਹੈ ਸਪਿਰਟੋਂ ਘੁੱਥਿਆਂ ਨੂੰ ਦਿਸਦਾ ਨਹੀਂ।

ਸਿਰ ਊਪਰਿ ਠਾਢਾ ਗੁਰੁ ਸੂਰਾ॥ ਨਾਨਕ ਤਾ ਕੇ ਕਾਰਜ ਪੂਰਾ॥੭॥

(੮॥੨੨) (ਗਉੜੀ ਸੁਖਮਨੀ ਮ: ੫, ਪੰਨਾ ੨੯੩)

ਸਪਿਰਿਟ-ਜੋਤੀਸ਼ਰਾਂ ਦੇ ਸਾਰੇ ਹੀ ਕਾਰਜ ਪੂਰੇ ਹੋ ਜਾਣੇ ਹਨ। ਸਭ ਤੋਂ ਵਡ ਮਨੋਰਥੀ ਕਾਰਜ ਖਾਲਸਾ ਜੀ ਦਾ ਇਹ ਹੈ, ਸਾਰੇ ਸੰਸਾਰ ਅੰਦਰਿ ਸੱਚੜਾ ਧਰਮ ਨਿਆਂਇ ਵਾਲਾ ਹਲੇਮੀ ਰਾਜ ਵਰਤ ਜਾਵੇ, ਤਾਂਤੇ ਪਰਜਾ ਭੀ ਸੁਖੀ ਵਸੇ ਅਤੇ ਪਰਜਾ-ਪਤੀ ਪੀ ਸੁਖੀਏ ਸਹੇਲੇ ਦੋਹੀਂ ਲੋਕੀਂ ਹੋਣ। ਮਜ਼ਲੂਮਾਂ ਅਨਾਥਾਂ ਉਤੇ ਜ਼ੁਲਮ ਹੋਣਾ ਹਟ ਜਾਵੇ। ਇਹ ਹਲੇਮੀ ਰਾਜ ਦਾ ਖਾਲਸਈ ਆਦਰਸ਼ ਹੈ। ਅਜੇ ਮਲੇਛੀ ਬੁਰਕਾ-ਪੋਸ਼ ਸਿਖ ਅੱਜ ਦੀ ਧਰਮ ਨਿਆਇ ਤੋਂ ਹੀਣ ਹੀਜੜੀ ਸਰਕਾਰ ਦੀ ਗੁਲਾਮੀ ਚਾਕਰੀ ਵਿਚਿ ਆਏ ਹੋਏ ਹਨ। ਸੱਚੀ ਖਾਲਸਈ ਸਪਿਰਿਟ ਤੋਂ ਖ਼ਾਲੀ ਅਤੇ ਖ਼ਾਰਜ ਹੋ ਰਹੇ ਹਨ। ਇਹ ਪੰਥ ਅੰਦਰੋਂ ਛੇਤੀ ਖਾਰਜ ਹੋ ਜਾਣਗੇ । ਏਹਨਾਂ ਅੰਦਰਿ ਏਤਨਾ ਭੀ ਸਾਹਸ ਨਹੀਂ ਰਿਹਾ ਕਿ ਮਜ਼ਲੂਮਾਂ ਉਤੇ ਹੋਏ ਜ਼ੁਲਮ ਦਾ 'ਆਹ ਦਾ' ਨਾਅਰਾ ਹੀ ਮਾਰ ਛਡਣ। ਏਹਨਾਂ ਮਲੇਛੀ ਮਤ ਵਾਲੇ ਪਰਕਈ ਸਿਖਾਂ ਦੀ ਹਕੂਮਤ ਪੁਰਜ਼ਈ ਰੁਕਨਾਵਾਂ ਵਲੋਂ ਏਹਨਾਂ ਦੇ ਸਾਹਮਣੇ ਨਾਮ-ਨਿਧਾਨੀ ਸ਼ਬਦ-ਸੁਰਤਿ-ਨੈਸ਼ਾਨੀ ਨਿਹੰਗ ਸਿੰਘਾਂ ਉਤੇ ਦਿਨ ਦਿਹਾੜੇ ਮਾਰ-ਧਾੜੀ ਜ਼ੁਲਮ ਹੋਏ, ਜੋ ਹਿੰਦੁਸਤਾਨ ਅੰਦਰ ਹੋਈ ਕਿਸੇ ਹਕੂਮਤ ਦੇ ਜ਼ਮਾਨੇ ਵਿਚਿ ਨਹੀਂ ਹੋਏ, ਪਰ ਏਹਨਾਂ ਹਕੂਮਤ ਦੇ ਪੁਰਜ਼ੇ ਹਕੂਮਤ ਦੇ ਰੁਕਨ ਅਖਾਉਣ ਵਾਲੇ ਬੇਗ਼ੈਰਤ ਨਾਮ ਨਿਹਾਦ ਸਿੱਖਾਂ, ਗ਼ੈਰ ਹਕੂਮਤ ਦੀ ਚਾਕਰੀ ਵਾਲੇ ਗੁਲਾਮਾ ਦੇ ਬੇਦਰਦ ਹਿਰਦਿਆ ਅੰਦਰਿ ਭੋਰਾ ਦਰਦ ਨਾ ਆਇਆ। ਤਰਸ ਦੇ ਦਰਦ ਤਾਂ ਕੀ ਆਉਣਾ ਸੀ, ਸਗੋਂ ਓਹਨਾ ਨੇ ਨਿਸੰਗ ਹੋ ਕੇ ਬਿਚਾਰੇ ਸ਼ਹੀਦ ਹੋਏ ਪੰਥ ਦੇ ਸੇਵਕਾਂ ਨੂੰ ਅਨਿਆਈ ਕੋਸਣੀ ਕੋਸਿਆ। ਏਹਨਾਂ ਨੂੰ ਕਮਿਊਨਿਸ਼ਟ ਦਸਣ ਦੀ ਕੋਝੀ ਕਰਤੂਤ ਕੀਤੀ ਤੇ ਉਲਟੀ ਖੁਸ਼ੀ ਮਨਾਈ। ਪਰ ਇਹ ਸ਼ਹੀਦੀ ਏਹਨਾਂ ਨਾਪਾਕੀਆਂ ਦੇ ਰਾਜ ਉਲਟਾਉਣ ਲਈ ਹੋਈ ਹੈ। ਜਿਸ ਰਾਜ ਅੰਦਰ ਅਜਿਹੇ ਜ਼ੁਲਮ ਹੋਣ, ਉਹ ਰਾਜ ਚੰਦ ਦਿਨਾਂ ਦਾ ਪਰਾਹੁਣਾ ਹੀ ਹੋਇਆ ਕਰਦਾ ਹੈ। ਇਹ ਸ਼ਹੀਦ ਨਿਹੰਗਾਂ ਸਿੰਘਾਂ ਦੀਆਂ ਆਤਮਾਵਾਂ ਤਾਂ ਪਰਲੋਕੀ ਗੁਰ ਦਰਬਾਰ ਵਿਚਿ ਜਾ ਸੁਰਖ਼ਰੂ ਹੋਈਆਂ। ਸਾਨੂੰ ਮੁਸੱਰਤ (ਖੁਸ਼ੀ) ਏਸ ਗੱਲ ਦੀ ਹੈ ਕਿ ਜ਼ੁਲਮ ਦੇ ਰਾਜ ਨੂੰ ਏਹਨਾਂ ਦੀਆਂ ਸ਼ਹੀਦੀਆਂ ਜੜ੍ਹੋਂ ਉਖੇੜ ਗਈਆਂ। ਅਜਿਹੀਆਂ ਸਤੋਗੁਣੀਆਂ ਰੂਹਾਂ ਨਿਸ਼ਕਾਮ ਪੰਥ ਸੇਵਕਾਂ ਦੀਆਂ ਵਧ ਤੋਂ ਵਧ ਪੰਥ ਅੰਦਰਿ ਪਰਗਟ ਹੋਣਗੀਆਂ ਅਤੇ ਪੰਥ ਦਾ ਵਾਲੀ ਖ਼ੁਦ ਆਪਣੇ ਪੰਥ ਨੂੰ ਅਜਿਹੀਆਂ ਆਤਮਾਵਾਂ ਸੇਤੀ ਸਰਸ਼ਾਰ ਕਰੇਗਾ। ਅਸਾਡੇ ਸਿਰ ਤੇ ਖੜ ਕੇ ਸੱਚੀ ਸੂਰਮਤਾ ਦੀ ਸਪਿਰਿਟ ਸੜੀਆਂ ਬੁਝੀਆਂ ਰੂਹਾਂ ਅੰਦਰਿ ਭੀ ਭਰੇਗਾ। ਅਜਿਹੀ ਆਤਮ-ਤੱਤੀ ਆਤਮਾਵਾਂ ਦਾ ਤਾਂਤੇ ਦਾ ਤਾਂਤਾ ਸ਼ੀਘਰ ਹੀ ਉਠ ਖਲੋਇਗਾ ਅਤੇ ਹੱਕੋ ਹੱਕ ਨਿਆਉਂ ਨਿਬੇੜਾ ਕਰੇਗਾ। ਚੌਹਾ ਜੁਗਾਂ ਦਾ ਨਿਬੇੜਾ ਕਰਨਹਾਰ ਇਕੋ ਇਕ ਨਿਧਾਨ ਜੋ ਵਿਰਲੀਆ ਰੂਹਾਂ ਦੇ ਵਿਰਸੇ ਵਿਚਿ ਆਇਆ ਹੋਇਆ ਹੈ, ਗੁਰੂ ਕਲਗੀਆ ਵਾਲੇ ਦੀ ਕਿਰਪਾ ਨਾਲਿ ਵਾਛੜ ਵਾਲਾ ਮੀਂਹ ਸਾਰੀ ਖਾਲਸਾ ਕੌਮ ਅੰਦਰਿ ਵਰਸੇਗਾ। ਇਸ ਵਿਚਿ ਹੀ ਕਲਜੁਗੀ ਜੀਵਾ ਦਾ ਉਧਾਰ ਹੈ। ਤਿਹਾਂ ਪਿਛਲੇ ਜੁਗਾਂ ਦੇ ਕਰਮ-ਕਾਂਡੀਆ ਨੂੰ ਭੀ ਇਸ ਜੁਗ ਅੰਦਰ ਗੁਰੂ ਖਾਲਸਾ ਜੀ ਦੀ


www.AKJ.Org

ਛਤਰ-ਛਾਇਆ ਹੇਠ ਉਧਰਨ ਦੀ ਮੁਹਲਤ ਮਿਲੇਗੀ। ਇਹ ਮੁਹਲਤ ਜਿਨ੍ਹਾਂ ਜਿਨ੍ਹਾਂ ਨੂੰ ਨਹੀਂ ਨਸੀਬ ਹੋਵੇ ਗੀ, ਓਹ ਆਪਣੀ ਮਰਨੀ ਫੇਰ ਮਰਨਗੇ ਅਤੇ ਚੌਰਾਸੀ ਦੇ ਗੇੜ ਵਿਚਿ ਪੈ ਕੇ ਫੇਰ ਜੁਗਾਂ ਜੁਗਾਂਤਰੀ ਘੁੰਮਣ ਘੇਰੀ ਦੀ ਲਪੇਟ ਵਿਚਿ ਆਵਣਗੇ। ਪ੍ਰੰਤੂ ਸਤਿਗੁਰੂ ਦੀ ਨਦਰ ਮੇਹਰ ਨਾਲਿ ਹੁਣ ਕੇ ਨਿਆਉਂ-ਨਿਬੇੜੇ ਕਲਜੁਗ ਜ਼ਮਾਨੇ ਅੰਦਰਿ ਸਰਬੱਤਰ ਨਰ ਮਨੁਖਾਂ ਨੂੰ ਇਹ ਨਿਧਾਨ ਖੁਲ੍ਹਮ ਖੁਲ੍ਹਾ ਪ੍ਰਾਪਤਿ ਹੈ। "ਚਹੂ ਜੁਗਾ ਦਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ" ਦਾ ਧੁਰਿ ਧੁਰੰਦਰੀ ਉਚਰਿਆਂ ਹੋਇਆ ਭਵਿਖਤੀ ਗੁਰਵਾਕ ਪ੍ਰਾਣੀ ਮਾਤਰ ਦੇ ਉਧਾਰ ਲਈ ਹੈ। ਹਰੇਕ ਪਿਛਲੇ ਜੁਗਾਂ ਵਿਚਿ ਠੇਡੇ ਖਾਂਦੇ ਇਸਤ੍ਰੀ ਮਰਦ ਲਈ ਹੈ। "ਜਤੁ ਸੰਜਮ ਤੀਰਥ ਓਨਾ ਜੁਗਾ ਦਾ ਧਰਮੁ ਹੈ" ਪਿਛਲੇ ਜੁਗਾਂ ਸਤਿਜੁਗ ਤ੍ਰੇਤਾ ਦੁਆਪਰੀ ਜੁਗਾਂ ਦਾ ਧਰਮ ਕਰਮ ਸਤ ਸੰਜਮ ਤੀਰਥ ਆਦਿ ਹੀ ਹੈ। ਜਿਸ ਧਰਮ ਕਰਮ ਦੁਆਰਾ ਜਿਹੜਾ ਜੁਗਾਂ ਵਾਲੇ ਜੀਵਾਂ ਦਾ ਨਿਸਤਾਰਾ ਨਹੀਂ ਹੋਇਆ, ਨਾ ਹੋਣਾ ਹੈ, ਜਦ ਹੋਣਾ ਹੈ ਤਾਂ ਨਾਮ-ਨਿਧਾਨੀ ਪਰਧਾਨ ਕਰਮੇ ਦੇ ਕੀਤਿਆਂ ਹੀ ਹੋਣਾ ਹੈ ਚਾਹੇ ਕਿਤਨੀਆਂ ਭੁਆਟਣੀਆਂ ਖਾ ਖਾ ਕੇ ਜੁਗਾਂ ਜੁਗੰਤਰੀ ਜੀਵ ਆਨਮਤ ਕਰਮ ਕਰਿ ਕਰਿ ਥਕ ਲੈਣ। " ਕਲਿ ਮਹਿ ਕੀਰਤਿ ਹਰਿ ਨਾਮਾ॥" ਸੋ ਤੱਤ-ਨਿਧਾਨੀ ਕਰਮ ਧਰਮ ਪਰਧਾਨ ਕਰਮ ਨੇ ਹੀ ਸਾਰੇ ਜੁਗਾਂ ਦੇ ਜਨਮ-ਭਵੰਤਰੀ ਜੀਵਾਂ ਦਾ ਉਧਾਰ ਨਿਸਤਾਰਾ ਕਰਨਾ ਹੈ।(ਚਲਦਾ)

---

## ਆਈਸ ਕਰੀਮ ਖਾਣ ਵਾਲੇ ਮਾਸ ਖਾਂਦੇ ਹਨ !

ਇਹ ਗਲ ਓਪਰੀ ਤੋ ਸ਼ਾਇਦ ਇਤਬਾਰ ਯੋਗ ਨਾਂ ਲੱਗੇ ਕਿ ਆਈਸ ਕਰੀਮ ਖਾਣ ਵਾਲੇ ਅਸਿਧੇ ਰੂਪ ਵਿੱਚ ਮਾਸ ਖਾਂਦੇ ਹਨ । ਉਂਜ ਜਰੂਰੀ ਨਹੀਂ ਕਿ ਸੁਆਦੀ ਮਜ਼ੇਦਾਰ ਠੰਢੀ ਠੰਢੀ ਆਈਸ ਕਰੀਮ ਖਾਣ ਵਾਲਿਆਂ ਨੂੰ ਇਸ ਗੱਲ ਦੀ ਸੋਝੀ ਹੋਵੇ ਕਿ ਆਈਸ ਕਰੀਮ ਖਾਣਾ ਸ਼ਾਕਾਹਾਰ ਨਹੀਂ ਮਾਸਾਹਾਰ ਹੈ ।

ਇਸ ਗਲ ਦਾ ਭੁਲੇਖਾ ਉਦੋਂ ਦੂਰ ਹੋਇਆ ਜਦੋਂ ਕੇਂਦਰ ਸਰਕਾਰ ਨੇ ਇਹ ਹੁਕਮ ਜਾਰੀ ਕੀਤਾ ਕਿ ਆਈਸ ਕਰੀਮ ਦੇ ਹਰ ਡੱਬੇ ਉਤੇ ਇਹ ਲਿਖਣਾ ਜ਼ਰੂਰੀ ਹੈ ਕਿ ਇਸ ਵਿੱਚ ਮਾਸ ਦੀ ਵਰਤੋਂ ਹੋਈ ਹੈ ਕਿ ਨਹੀ । ਜਦੋਂ ਇਹ ਹੁਕਮ ਆਈਸ ਕਰੀਮ ਕੰਪਨੀਆਂ ਕੋਲ ਪਹੁੰਚਿਆ ਤਾਂ ਉਨ੍ਹਾਂ ਲਈ ਮੁਸੀਬਤ ਖੜੀ ਹੋ ਜਾਏਗੀ ਕਿਉਂਕਿ ਆਈਸ ਕਰੀਮ ਨੂੰ ਲਜੀਜ਼ ਜ਼ਾਇਕੇਦਾਰ ਅਤੇ ਮੁਲਾਇਮ ਬਣਾਉਣ ਲਈ ਉਹ ਮਾਸ ਤੇ ਹੱਡੀਆਂ ਤੋਂ ਬਣੀਆਂ ਉਹ ਵਸਤਾਂ ਵਰਤਦੇ ਹਨ ਜਿਨ੍ਹਾਂ ਵਿੱਚ ਜਾਨਵਰਾਂ ਦੀ ਖਲ਼ ਹੱਡੀਆਂ ਤੇ ਨਾੜਾਂ ਨੂੰ ਉਬਾਲ ਕੇ ਬਣਾਈ ਗਈ ਸੁਰੇਸ਼ ਜਾਂ ਗੁੱਦਾ ਆਦਿ ਸ਼ਾਮਲ ਹੈ । ਜਿਸ ਨੂੰ ਜਿਲੇਟਨ ਆਖਦੇ ਹਨ। ਇਸ ਤੋਂ ਬਿਨ੍ਹਾਂ ਇਸ ਵਿੱਚ ਮਾਸ ਦਾ ਬੂਰਾ ਪੈਂਦਾ ਹੈ । ਭਾਰਤ ਵਿੱਚ ਅਜੇ ਤੱਕ ਆਈਸ ਕਰੀਮ ਨੂੰ ਸ਼ਾਕਾਹਾਰੀ ਸਮਝਿਆ ਜਾਂਦਾ ਹੈ । ਸਾਰੇ ਇਸ ਨੂੰ ਪਚਾਕੇ ਮਾਰ ਮਾਰ ਕੇ ਬੜੇ ਸੁਆਦ ਨਾਲ ਖਾਂਦੇ ਹਨ।

ਬਹਿਰ ਹਾਲ ਪੂਰੀ ਦੁਨੀਆਂ ਵਿਚ ਭਾਰਤ ਪਹਿਲਾਂ ਦੇਸ ਹੋਵੇਗਾ ਜਿਸ ਵਿੱਚ ਹੁਣ ਆਈਸ ਕਰੀਮ ਦੇ ਪੈਕਟਾਂ, ਡੱਬਿਆਂ ਆਦਿ ਉਤੇਂ ਛਾਪਿਆ ਜਾਏਗਾ ਮਾਸ ਤੋਂ ਬਣੀ। ਸਰਕਾਰੀ ਹਵਾਲਿਆਂ ਤੋਂ ਪਤਾ ਲੱਗਾ ਹੈ ਕਿ ਲਾਲ ਰੰਗ ਦੇ ਘੇਰੇ ਵਿਚ ਇਹ ਸ਼ਪਸ਼ਟ ਲਿਖਣਾ ਜ਼ਰੂਰੀ ਹੋਵੇਗਾ। ਹਾਲਾਂ ਕਿ ਕੁਝ ਦੇਸਾਂ ਵਿਚ ਇਹ ਲਿਖਣਾ ਜ਼ਰੂਰੀ ਸਮਝਿਆ ਜਾਂਦਾ ਹੈ ਕਿ ਇਸ ਵਿਚ ਸਿਹਤ ਲਈ ਲਾਹੇਵੰਦ ਤੱਤ ਕਿਸ ਮਾਤਰਾ ਵਿਚ ਹਨ ਤੇ ਇਸ ਨੂੰ ਕਿਸ ਨੇ ਤਿਆਰ ਕੀਤਾ ਹੈ । ਪਰ ਮਾਸ ਤੋਂ ਬਣੀ ਨਹੀਂ ਲਿਖਿਆ ਹੁੰਦਾ ।

ਸਿਗਰਟਾਂ ਦੀਆਂ ਡੱਬੀਆਂ ਉਤੇ ਪਹਿਲਾਂ ਹੀ ਲਿਖਿਆ ਹੁੰਦਾ ਹੈ ਸਿਹਤ ਲਈ ਨੁਕਸਾਨ ਦਾਇਕ । ਆਈਸ ਕਰੀਮ ਦੇ ਜਾਂ ਹੋਰ ਡੱਬਿਆ ਉਤੇ ਲਿਖਿਆ ਜਾਣਾ ਮਾਸ ਤੋਂ ਬਣੀਆਂ ਘਟੋ ਘਟ ਸ਼ੁਧ ਸ਼ਾਕਾਹਾਰੀਆਂ ਦਾ ਧਰਮ ਭ੍ਰਿਸ਼ਟ ਤਾਂ ਨਾਂ ਕਰੇਗਾ। ਇਹ ਲਿਖਣਾ ਕਿਸੇ ਕੰਪਨੀ ਲਈ ਇਸ਼ਤਿਹਾਰਬਾਜ਼ੀ ਵੇਲੇ ਵੀ ਜ਼ਰੂਰੀ ਹੋਵੇਗਾ।

ਸਰਕਾਰ ਨੇ ਖੁਰਾਕ ਨਿਰਮਾਤਾ ਕੰਪਨੀਆਂ ਨੂੰ ਇਸ ਕਾਨੂੰਨ ਦਾ ਸਖ਼ਤੀ ਨਾਲ ਪਾਲਣ ਕਰਨ ਦਾ ਹੁਕਮ ਦਿੱਤਾ ਹੈ। ਇਹ ਹੁਕਮ ਕੇਂਦਰੀ ਸਵਾਸਥ ਮੰਤਰਾਲੇ ਖਾਧ-ਪਦਾਰਥ ਨਿਰੋਧਕ ਕਾਨੂੰਨ ਵਿਚ ਸੁਧਾਰ ਕਰਕੇ ਜਾਰੀ ਕੀਤਾ ਹੈ।

ਡੱਬਿਆਂ ਉਤੇ ਕਦੋਂ ਤੇ ਕਿਵੇਂ ਛਪੇਗਾ, ਪਰ ਸ਼ਾਕਾਹਾਰੀਆਂ ਨੂੰ ਆਪਣੀ ਮਰਯਾਦਾ ਦਾ ਪਾਲਣ ਕਰਨ ਲਈ ਆਈਸ ਕਰੀਮ ਖਾਣੀ ਬੰਦ ਕਰਨੀ ਚਾਹੀਦੀ ਹੈ। (ਪੰਜਾਬ ਕੇਸਰੀ ਵਿਚੋਂ ਧੰਨਵਾਦ ਸਹਿਤ)



www.AKJ.Org

## "ਅਖੰਡ ਕੀਰਤਨੀ ਜਥਾ ਯੂ.ਕੇ ਦੀ ਇਟਲੀ ਵਿਚ ਧਰਮ ਪ੍ਰਚਾਰ ਦੀ ਫੇਰੀ"

ਪਿਛਲੇ ਦਿਨੀ ਅਖੰਡ ਕੀਰਤਨੀ ਜਥਾ ਯੂ.ਕੇ ਦੇ 80 ਤੋਂ ਵੱਧ ਸਿੰਘ ਸਿੰਘਣੀਆਂ ਜਥੇਦਾਰ ਭਾਈ ਰਾਮਾ ਸਿੰਘ ਜੀ ਦੀ ਅਗਵਾਈ ਹੇਠ ਉਚੇਚੇ ਤੌਰ ਤੇ ਇਟਲੀ ਵਿਖੇ ਧਰਮ ਪ੍ਰਚਾਰ ਲਈ ਗਏ। ਮੀਲੈਨ ਏਅਰਪੋਰਟ ਤੇ ਇਟਲੀ ਦੇ ਸਿੰਘ ਜਥੇ ਦਾ ਸਵਾਗਤ ਕਰਨ ਲਈ ਪਹੁੰਚੇ ਹੋਏ ਸਨ। ਜਥੇ ਲਈ ਪਲੋਸਕੋ ਗੁਰੂ ਘਰ ਵਿਖੇ ਲੋਕਲ ਸੰਗਤਾਂ ਨੇ ਲੰਗਰ ਪਾਣੀ ਦਾ ਪ੍ਰਬੰਧ ਕੀਤਾ ਹੋਇਆ ਸੀ ਅਤੇ ਆਰਾਮ ਕਰਨ ਲਈ ਇੱਕ ਹੋਟਲ ਬੁੱਕ ਕੀਤਾ ਗਿਆ ਸੀ। ਜਥੇ ਦਾ ਪਹਿਲਾ ਪ੍ਰੋਗਰਾਮ ਸ਼ੁੱਕਰਵਾਰ ੨5 ਅਗਸਤ ਸ਼ਾਮੀ 6 ਵਜੇ ਤੋਂ 11 ਵਜੇ ਤੱਕ ਕੀਰਤਨ ਦਰਬਾਰ ਗੁਰਦੁਆਰਾ ਗੁਰੂ ਨਾਨਕਸਰ ਅਰਜੀਨਾਨੋ ਸ਼ਹਿਰ ਵਿਖੇ ਆਯੋਜਿਤ ਕੀਤਾ ਗਿਆ, ਜਿਸ ਵਿਚ ਲੋਕਲ ਸੰਗਤਾਂ ਕੰਮਾਂ ਕਾਰਾਂ ਵਾਲੇ ਦਿਨ ਦੇ ਬਾਵਜੂਦ ਭਾਰੀ ਗਿਣਤੀ ਵਿਚ ਪੁੱਜੀਆਂ। ਭਾਈ ਪ੍ਰਿਥੀਪਾਲ ਸਿੰਘ ਸਾਊਥਾਲ ਵਾਲਿਆਂ ਨੇ ਅੰਮ੍ਰਿਤ ਤੇ ਰਹਿਤ ਰੱਖਣ ਬਾਰੇ ਸੰਗਤਾਂ ਨਾਲ ਵਿਚਾਰਾਂ ਸਾਂਝੀਆਂ ਕੀਤੀਆਂ। ਦੀਵਾਨ ਤੋਂ ਉਪਰੰਤ ਗੁਰੂ ਘਰ ਦੇ ਪ੍ਰਬੰਧਕਾਂ ਨੇ ਭਾ.ਰਾਮਾ ਸਿੰਘ ਜੀ ਨੂੰ ਸਿਰੋਪਾਓ ਨਾਲ ਸਨਮਾਨਤ ਕੀਤਾ। ਦੂਜੇ ਦਿਨ ਜਥੇ ਵਲੋਂ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸੈਨਪਾਓਲ ਸ਼ਹਿਰ ਬਰੇਸ਼ੀ ਵਿਖੇ ਸ਼ਾਮ 7 ਵਜੇ ਤੋਂ ਰਾਤ ੨ ਵਜੇ ਤੱਕ ਕੀਰਤਨ ਦੇ ਅਖਾੜੇ ਰਚਾਏ ਗਏ। ਇਸੇ ਅਸਥਾਨ ਤੇ ਜਥੇ ਵਲੋਂ ਇਟਲੀ ਦੀਆਂ ਸੰਗਤਾਂ ਦੀ ਖਾਸ ਮੰਗ ਤੇ ਅੰਮ੍ਰਿਤ ਸੰਚਾਰ ਕੀਤੇ ਗਏ। ਤਕਰੀਬਨ 30 ਪ੍ਰਾਣੀ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ। ਐਤਵਾਰ ਸਵੇਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ 10 ਵਜੇ ਤੋਂ ੨.30 ਵਜੇ ਤੱਕ ਕੀਰਤਨ ਦਰਬਾਰ ਹੋਏ। ਇਹ ਪ੍ਰੋਗਰਾਮ ਸਿੰਘ ਸਭਾ ਗੁਰਦੁਆਰਾ ਪਲੋਸਕੋ ਬੈਰਗਾਮੋ ਵਿਖੇ ਹੋਇਆ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਬੈਰਗਾਮੋ ਦੇ ਆਲੇ-ਦੁਆਲੇ ਰਹਿਣ ਵਾਲੀਆਂ ਸੰਗਤਾਂ ਉਚੇ ਚੇ ਤੌਰ ਤੇ ਪੁਜੀਆਂ। ਭਾ.ਬਲਵਿੰਦਰ ਸਿੰਘ ਸਾਊਥਾਲ, ਭਾ.ਪ੍ਰਿਥੀਪਾਲ ਸਿੰਘ, ਨੌਜਵਾਨ ਦਲਬਿੰਦਰਜੀਤ ਸਿੰਘ, ਭਾ.ਤਰਸੇਮ ਸਿੰਘ ਅਤੇ ਭਾ.ਮੋਹਨ ਸਿੰਘ ਯੂ.ਐਸ.ਏ ਵਾਲੇ ਨੇ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਗ੍ਰੰਥੀ ਸਾਹਿਬ ਭਾ.ਬਲਦੇਵ ਸਿੰਘ ਨੇ ਜਥੇ ਦਾ ਧੰਨਵਾਦ ਕਰਨ ਲਈ ਭਾ.ਰਾਮਾ ਸਿੰਘ ਜੀ ਨੂੰ ਸਿਰੋਪਾਓ ਦੇ ਨਾਲ ਬਖਸ਼ਿਆ। ਕੀਰਤਨ ਦਰਬਾਰ ਤੋਂ ਉਪਰੰਤ ਬਾਅਦ ਖੁੱਲ੍ਹੇ ਪੰਡਾਲ ਵਿਚ ਜਥੇ ਦੇ ਨਾਲ ਇੰਗਲੈਂਡ ਤੋਂ ਪੁੱਜੀ ਹੋਈ ਗੱਤਕਾ ਟੀਮ ਨੇ ਇਕ ਘੰਟੇ ਵਾਸਤੇ ਗਤਕੇ ਦੇ ਜੌਹਰ ਵਿਖਾਏ। ਜਥੇ ਵਲੋਂ ਫਰੀ ਲਿਟਰੇਚਰ ਅਤੇ ਭਾ.ਰਾਮਾ ਸਿੰਘ ਵਲੋਂ ਲਿਖੀ ਗਈ ਪੁਸਤਕ ਵੰਡੀ ਗਈ। ਜਥੇ ਦਾ ਆਖਰੀ ਪ੍ਰੋਗਰਾਮ ਐਤਵਾਰ ਸ਼ਾਮੀ ਗੁਰਦੁਆਰਾ ਮੋਨਤੀਰੋਨੇ ਬਰੇਸ਼ੀਆ ਵਿਖੇ ਹੋਇਆ। ਇਥੇ ਵੀ ਬਰੇਸ਼ੀਆ ਦੀ ਸੰਗਤ ਵੱਧ ਚੜ੍ਹ ਕੇ ਪੁੱਜੀ। ਇਹ ਇਟਲੀ ਵਿਖੇ ਪਹਿਲੀ ਵਾਰ ਹੈ ਕਿ ਸੰਗਤਾਂ ਨੂੰ ਇੰਨੇ ਬਾਣੇ ਵਾਲੇ ਸਿੰਘ ਸਿੰਘਣੀਆਂ ਦੇ ਦਰਸ਼ਨ ਕਰਨ ਦਾ ਮੌਕਾ ਮਿਲਿਆ। ਸਾਰੀਆਂ ਸੰਗਤਾ ਬਹੁਤ ਪ੍ਰਭਾਵਿਤ ਹੋਈਆਂ ਅਤੇ ਮੰਗ ਕੀਤੀ ਕਿ ਹਰੇਕ ਸਾਲ ਜਥਾ ਇਟਲੀ ਵਿਖੇ ਧਰਮ ਪ੍ਰਚਾਰ ਲਈ ਆਇਆ ਕਰੇ। ਰੋਮ ਦੀਆਂ ਸੰਗਤਾਂ ਵਲੋਂ ਵੀ ਕਈ ਵਾਰ ਸੱਦੇ ਆਏ ਪਰ ਸਮਾਂ ਨਾ ਹੋਣ ਕਰਕੇ ਨਾ ਜਾ ਹੋਇਆ। ਅਸੀਂ ਰੋਮ ਦੀਆਂ ਸੰਗਤਾ ਨੂੰ ਵਚਨ ਕਰਦੇ ਹਾਂ ਕਿ ਜਥਾ ਛੇ ਤੀ ਤੋਂ ਛੇਤੀ ਰੋਮ ਸ਼ਹਿਰ ਦੀਆਂ ਸੰਗਤਾਂ ਦੇ ਦਰਸ਼ਨ ਕਰਨ ਲਈ ਪ੍ਰੋਗਰਾਮ ਬਣਾਏਗਾ। ਅਖੰਡ ਕੀਰਤਨੀ ਜਥਾ ਯੂ.ਕੇ, ਭਾ. ਜਸਵੀਰ ਸਿੰਘ ਪ੍ਰਧਾਨ ਗੁਰੂ ਘਰ ਪਲੋਸਕੋ ਅਤੇ ਇਟਲੀ ਦੀਆਂ ਸਮੂਹ ਸੰਗਤਾਂ ਅਤੇ ਗੁਰਦੁਆਰਾ ਸਾਹਿਬਾਨਾਂ ਦਾ ਬਹੁਤ ਧੰਨਵਾਦ ਕਰਦਾ ਹੈ, ਜਿਹਨਾਂ ਨੇ ਪੂਰਾ ਸਹਿਯੋਗ ਦਿੱਤਾ ਅਤੇ ਅਣਥਕ ਸੇਵਾ ਕੀਤੀ।

ਰਿਪੋਰਟਰ, 'ਭਾ.ਓਂਕਾਰ ਸਿੰਘ'

ਅੰਮ੍ਰਿਤ ਸੰਚਾਰ ਲਈ ਸੰਪਰਕ ਕਰੋ ਅਖੰਡ ਕੀਰਤਨੀ ਜਥਾ ਯੂ.ਕੇ 00441753530624.


### ਮੋਖ ਰਹਿਤ ਲੜੀਵਾਰ ਗੁਟਕੇ

ਨਿਤਨੇਮ ਅਤੇ ਸੁਖਮਨੀ ਸਾਹਿਬ ਦੇ ਲੜੀਵਾਰ ਗੁਟਕੇ ਬਿਨਾਂ ਕਿਸੇ ਭੇਟਾ ਦੇ ਮੋਖ ਰਹਿਤ ਪ੍ਰਾਪਤ ਕਰਨ ਲਈ ਸੰਪਰਕ ਕਰੋ। ਸ੍ਰ: ਗੁਰਪ੍ਰੀਤ ਸਿੰਘ 67-D ਡਾ: ਮੁਖਰਜੀ ਨਗਰ ਦਿੱਲੀ ਫੋਨ : 7654833




www.AKJ.Org

# ਆਉਣ ਵਾਲੇ ਕੀਰਤਨ ਸਮਾਗਮ

## ਦਿੱਲੀ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

5 ਅਕਤੂਬਰ ਵੀਰਵਾਰ ਸਵੇਰ ਤੋਂ ਦੁਪਹਿਰ ਤੱਕ ਸ੍ਰੀ ਆਸਾ ਕੀ ਵਾਰ ਅਤੇ ਕੀਰਤਨ ਗੁ: ਸੀਸ ਗੰਜ ਸਾਹਿਬ। ਸ਼ਾਮ 7 ਤੋਂ 9 ਸੋਦਰ ਚੌਂਕੀ ਤੇ ਕੀਰਤਨ ਗੁ: ਨਾਨਕ ਪਿਆਓ ਆਦਰਸ਼ ਨਗਰ ਵਿਖੇ।

6 ਅਕਤੂਬਰ ਸਵੇਰੇ 5 ਤੋਂ ਦੁਪਹਿਰ ਤੱਕ ਅਖੰਡ ਕੀਰਤਨ ਗੁ: ਬੰਗਲਾ ਸਾਹਿਬ ਵਿਖੇ। ਸ਼ਾਮ 7 ਤੋਂ 9 ਸੋਦਰ ਚੌਂਕੀ ਤੇ ਕੀਰਤਨ ਗੁ: ਮੋਤੀ ਬਾਗ ਸਾਹਿਬ ਵਿਖੇ।

7 ਅਕਤੂਬਰ ਸ਼ਨੀਵਾਰ ਸਵੇਰੇ 5 ਤੋਂ ਦੁਪਹਿਰ ਤੱਕ ਅਖੰਡ ਕੀਰਤਨ ਗੁ: ਬੰਗਲਾ ਸਾਹਿਬ ਵਿਖੇ। ਸ਼ਾਮ 7 ਵਜੇ ਆਰੰਭ ਰੈਣਿ ਸਬਾਈ ਕੀਰਤਨ ਦੀਵਾਨ ਹਾਲ ਗੁ: ਰਕਾਬ ਗੰਜ ਸਾਹਿਬ ਵਿਖੇ।

ਅੰਮ੍ਰਿਤ ਸੰਚਾਰ : ਸ਼ਾਮ 7 ਵਜੇ ਆਰੰਭ ਗੁ: ਰਕਾਬ ਗੰਜ ਸਾਹਿਬ ਦੀ ਉਪਰਲੀ ਮੰਜਿਲ ਵਿਖੇ।

## ਪਿੰਡ ਜਲੋਵਾਲ ਨੇੜੇ ਕਾਲਾ ਸੰਘਾ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ

ਭਾਈ ਜਸਵੰਤ ਸਿੰਘ ਜੀ ਦੇ ਗ੍ਰਿਹਿ ਵਿਖੇ 8 ਅਕਤੂਬਰ ਐਤਵਾਰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪ੍ਰੰਤ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ।

## ਪਟਿਆਲਾ ਵਿਖੇ ਰੈਣਿ ਸਬਾਈ ਕੀਰਤਨ

ਭਾਈ ਨਰਿੰਦਰ ਸਿੰਘ ਦੇ ਗ੍ਰਿਹਿ 54 ਪੀ. ਨਜ਼ਦੀਕ ਆਲੀਸ਼ਾਨ ਪੀਰ ਰਾਜਪੁਰਾ ਕਲੋਨੀ ਪਟਿਆਲਾ ਵਿਖੇ 14 ਅਕਤੂਬਰ ਰਾਤ ਨੂੰ ਰੈਣਿ ਸਬਾਈ ਕੀਰਤਨ ਹੋਣਗੇ। ਦਰਸ਼ਨ ਦੇ ਕੇ ਨਿਵਾਜੋ ਜੀ।

## ਪਿੰਡ ਮੱਲ੍ਹੀਆਂ (ਅੰਮ੍ਰਿਤਸਰ) ਵਿਖੇ ਸ੍ਰੀ ਅਖੰਡ ਪਾਠ ਅਤੇ ਕੀਰਤਨ

ਭਾਈ ਅਵਤਾਰ ਸਿੰਘ ਜੀ ਦੇ ਗ੍ਰਿਹਿ ਵਿਖੇ 15 ਅਕਤੂਬਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ।

ਪਿੰਡ ਬੁਲੋਵਾਲ (ਹੁਸ਼ਿਆਰਪੁਰ) ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ ਤੇ ਅੰਮ੍ਰਿਤ ਸੰਚਾਰ 14 ਅਕਤੂਬਰ ਰਾਤ ਨੂੰ

## ਪਿੰਡ ਘਨੌਰ (ਪਟਿਆਲਾ) ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਰੈਣਿ ਸਬਾਈ ਕੀਰਤਨ

ਸ੍ਰ: ਖਜ਼ਾਨ ਸਿੰਘ ਜੀ ਦੇ ਗ੍ਰਿਹਿ ਵਿਖੇ 14 ਅਕਤੂਬਰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਅਤੇ ਰਾਤ ਨੂੰ ਰੈਣਿ ਸਬਾਈ ਕੀਰਤਨ ਹੋਣਗੇ। ਟੈਲੀ : 01762-67240

ਮਾਸਿਕ ਰੈਣਿ ਸਬਾਈ ਕੀਰਤਨ ਪਿੰਡ ਘੁਮਾਣ (ਲੁਧਿਆਣਾ) ਵਿਖੇ 14 ਅਕਤੂਬਰ ਰਾਤ ਨੂੰ।

## ਫਗਵਾੜਾ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ

ਗੁ: ਸੁਖਚੈਨਆਣਾ ਸਾਹਿਬ (ਪਾ: ੬) ਬੰਗਾ ਰੋਡ ਨੇੜੇ ਬਿਜਲੀ ਦਫ਼ਤਰ ਵਿਖੇ 21 ਅਕਤੂਬਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

## ਗੁ: ਮੁਸ਼ਕਿਆਣਾ ਸਾਹਿਬ (ਮੁਲਾਂਪੁਰ) ਲੁਧਿਆਣਾ ਵਿਖੇ ਰੈਣਿ ਸਬਾਈ ਕੀਰਤਨ

ਮਾਸਟਰ ਗੁਰਸੇਵਕ ਸਿੰਘ ਜੀ ਦੀ ਯਾਦ ਵਿਚ 21 ਅਕਤੂਬਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ

## ਬਾਊ ਮੱਲ ਸਿੰਘ ਜੀ ਦੀ ਯਾਦ ਵਿਚ ਸਾਲਾਨਾ ਸਮਾਗਮ ਤਰਨਤਾਰਨ ਵਿਖੇ

ਗਲੀ ਬਾਊ ਮੱਲ ਸਿੰਘ ਤਰਨਤਾਰਨ ਵਿਖੇ 22 ਅਕਤੂਬਰ ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪ੍ਰੰਤ ਬਾਅਦ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ।

ਗੁ: ਬਿਬੇਕਸਰ ਸਾਹਿਬ ਅੰਮ੍ਰਿਤਸਰ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ 28 ਅਕਤੂਬਰ ਰਾਤ ਨੂੰ

ਗੁ: ਹਰਿਗੋਬਿੰਦਗੜ੍ਹ ਸਾਹਿਬ ਕੁਰਾਲੀ ਵਿਖੇ ਰੈਣਿ ਸਬਾਈ ਕੀਰਤਨ 4 ਨਵੰਬਰ ਰਾਤ ਨੂੰ

## ਪਿੰਡ ਤਲਵੰਡੀ ਮਾਲੋਵਾਲ (ਨਜ਼ਦੀਕ ਟਾਂਗਰਾ) ਅੰਮ੍ਰਿਤਸਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਕੀਰਤਨ

ਭਾਈ ਸੁਖਰਾਜ ਸਿੰਘ ਜੀ ਦੇ ਗ੍ਰਿਹਿ ਵਿਖੇ 5 ਨਵੰਬਰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪ੍ਰੰਤ ਦੁਪਹਿਰ ਤੱਕ ਕੀਰਤਨ ਅਖਾੜੇ ਸਜਣਗੇ।

**ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦਾ ਕੇਂਦਰੀ ਅਖੰਡ ਕੀਰਤਨ ਸਮਾਗਮ 9 ਤੋਂ 12 ਨਵੰਬਰ ਤੱਕ ਇਸ ਵਾਰ ਲੁਧਿਆਣਾ ਵਿਖੇ ਹੋਵੇਗਾ। ਵੇਰਵਾ ਆਉਂਦੇ ਪਰਚੇ ਵਿਚ ਦੇਖੋ ਜੀ**

(ਬਾਕੀ ਦੇ ਪ੍ਰੋਗਰਾਮ ਸਾਹਮਣੇ ਪੰਨੇ ਤੇ ਦੇਖੋ)



www.AKJ.Org

ਸਿੱਖ ਧਰਮ ਦੀ ਵਿਲਖੱਣਤਾ

# ਕੁਝ ਫਰਕ ਇਹ ਵੀ

(1) ਮੰਤਰ- ਹਿੰਦੂਆਂ ਦਾ ਗਾਯਤ੍ਰੀ ਮੁਸਲਮਾਨਾਂ ਦਾ ਕਲਮਾਂ ਤੇ ਸਿੱਖਾਂ ਦਾ ਵਾਹਿਗੁਰੂ ਗੁਰ ਮੰਤਰ ਹੈ।

(੨) ਮੰਗਲਾ ਚਰਣ- ਹਿੰਦੂਆਂ ਦਾ ਓਅੰ ਸ੍ਰੀ ਗਣੇਸ਼ਯ ਨਮਹ ਆਦਿਕ। ਮੁਸਲਮਾਨਾਂ ਦਾ ਬਿਸਮਿੱਲਾ ਆਦਿ । ਸਿੱਖਾ ਦਾ '੧ਓ ਸਤਿਗੁਰ ਪ੍ਰਸਾਦਿ।'

(3) ਮੁਲਾਕਾਤ ਵੇਲੇ- ਹਿੰਦੂ ਰਾਮ ਰਾਮ ਨਮਸਤੇ ਆਦਿ। ਮੁਸਲਮਾਨ ਸਲਾਮ.ਔਰ ਸਿੱਖ 'ਵਾਹਿਗੁਰੂ ਜੀ ਕਾ ਖ਼ਾਲਸਾ- ਵਾਹਿਗੁਰੂ ਜੀ ਕੀ ਫਤਿਹ ਬੁਲਾਉਦੇ ਹਨ।

(4) ਧਰਮ ਪੁਸਤਕ- ਹਿੰਦੂਆਂ ਦੇ ਵੇਦ ਮੁਸਲਮਾਨਾਂ ਦਾ ਕੁਰਾਨ ਤੇ ਸਿੱਖਾਂ ਦੇ ਸ੍ਰੀ ਗੁਰੂ ਗਰੰਥ ਸਾਹਿਬ (ਪਰ ਪੁਸਤਕ ਰੂਪ ਵਿੱਚ ਨਹੀਂ ਪਰਤਖ ਗੁਰੂ) ਵੇਦਾਂ ਸ਼ਾਸ਼ਤਰਾਂ ਆਦਿ ਮੰਤਰਾਂ ਦੇ ਪਠਨ -ਪਾਠਨ ਦਾ ਅਧਿਕਾਰ ਹਿੰਦੂ ਮੱਤ ਅਨੁਸਾਰ ਕੇਵਲ ਬ੍ਰਾਹਮਣ ਨੂੰ ਹੈ ਪਰ ਗੁਰਬਾਣੀ ਚਹੁੰ ਵਰਨਾਂ ਲਈ ਸਾਂਝੀ ਰਚ ਕੇ ਪ੍ਰਾਣੀ ਮਾਤਰ ਨੂੰ ਪਠਨ- ਪਾਠਨ ਦਾ ਅਧਿਕਾਰ ਦੇ ਦਿੱਤਾ ਗਿਆ ਹੈ।

(5) ਤੀਰਥ- ਹਿੰਦੂਆਂ ਦੇ ਗੰਗਾ ਬਨਾਰਸ ਗਯਾ ਪਰਾਗ ਆਦਿ। ਮੁਸਲਮਾਨਾਂ ਦੇ ਮੱਕਾ ਮਦੀਨਾ। ਸਿੱਖਾਂ ਦੇ ਸ੍ਰੀ ਅੰਮ੍ਰਿਤਸਰ, ਅਬਚਲ ਨਗਰ (ਹਜ਼ੂਰ ਸਾਹਿਬ ਨੰਦੇੜ)
ਔਰ ਸਭ ਤੋਂ ਮੁੱਖ 'ਵਾਹਿਗੁਰੂ ਦਾ ਨਾਮ।'

(6) ਪੂਜਾ ਦਾ ਦਿਸ਼ਾ- ਹਿੰਦੂ ਪੂਰਬ ਨੂੰ ਨਮਸਕਾਰ ਕਰਦੇ ਹਨ। ਮੁਸਲਮਾਨ ਪੱਛਮ ਨੂੰ । ਸਿੱਖ ਚਾਰੋਂ ਪਾਸੇ ਵਾਹਿਗੁਰੂ ਨੂੰ ਹਾਜ਼ਰ ਨਾਜ਼ਰ ਸਮਝਦਾ ਹੈ।(ਕੋਈ ਦਿਸ਼ਾ ਵਿਸ਼ੇਸ਼ ਨਹੀਂ)

(7) ਇਸ਼ਨਾਨ ਦਾ ਵੇਲਾ- ਹਿੰਦੂਆਂ ਦਾ ਸੂਰਜ ਚੜ੍ਹਨ ਸਮੇਂ। ਮੁਸਲਮਾਨ ਨਿਮਾਜ਼ ਤੋਂ ਪਹਿਲਾਂ ਵਜ਼ੂ ਕਰਦੇ ਹਨ। ਸਿੱਖ ਅੰਮ੍ਰਿਤ ਵੇਲੇ ਦੀ ਸੰਭਾਲ ਕਰਦਿਆਂ ਹੋਇਆਂ ਨਿਤਾਪ੍ਰਤੀ ਇਸ਼ਨਾਨ ਸਾਵਧਾਨ ਹੋਣ ਲਈ ਕਰਦੇ ਹਨ। ਪਰ ਇਸ਼ਨਾਨ ਨੂੰ ਮੁਕਤੀ ਦਾ ਸਾਧਨ ਨਹੀਂ ਸਮਝਦੇ ।

(8) ਸੰਸਕਾਰ-ਹਿੰਦੂ ਜਨੇਊ ਮੁੰਡਨ ਆਦਿ ਰਸਮਾਂ ਕਰਦੇ ਹਨ। ਮੁਸਲਮਾਨ ਸੁੰਨਤ । ਸਿੰਘ ਸਿੰਘਣੀ ਲਈ ਅੰਮ੍ਰਿਤ ਛਕਣਾ ਹੀ ਅਤਿ ਜ਼ਰੂਰੀ ਦਸਿਆ ਗਿਆ ਹੈ ।

(੭) ਹਿੰਦੂ - ਸੰਨਿਆਸੀ ਅਤੇ ਬ੍ਰਾਹਮਣ ਨੂੰ ਦਾਨ ਦੇਣਾ ਪੁੰਨ ਸਮਝਦੇ ਹਨ। ਸਿੱਖਾਂ ਲਈ ਗ਼ਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ ।

(10) ਚਿੰਨ੍ਹ - ਹਿੰਦੂਆਂ ਲਈ ਤਿਲਕ ਮਾਲਾ ਜਨੇਊ ਧੋਤੀ ਆਦਿਕ। ਸਿੱਖ ਲਈ 'ਕੱਛ, ਕੜਾ, ਕਿਰਪਾਨ, ਕੰਘਾ, ਕੇਸਕੀ (ਦਸਤਾਰ)। ਪੰਜ ਕਕਾਰੀ ਰਹਿਤ ਧਾਰੇ ਸਿੰਘ ਸੋਈ (ਰਹਿਤਨਾਮਾ ਭਾਈ ਚੌਪਾ ਸਿੰਘ) ਕੰਘਾ ਦੋਨੋ ਵਕਤ ਕਰ, ਪਾਗ ਚੁਨੈ ਕਰ ਬਾਂਧਈ (ਤਨਖਾਹ ਨਾਮਾ ਭਾਈ ਨੰਦ ਲਾਲ ਸਿੰਘ ਜੀ) • •

## ਸੁਲਤਾਨਪੁਰ ਲੋਧੀ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਦਾ ਸਾਲਾਨਾ ਅਖੰਡ ਕੀਰਤਨ ਸਮਾਗਮ

ਸੁਲਤਾਨਪੁਰ ਲੋਧੀ ਦੇ ਇਤਿਹਾਸਕ ਗੁਰਦਵਾਰਿਆਂ ਵਿਖੇ ਹੇਠ ਲਿਖੇ ਅਨੁਸਾਰ ਕੀਰਤਨ ਸਮਾਗਮ ਰਚਾਏ ਜਾ ਰਹੇ ਹਨ। ਆਇ ਦੀਦਾਰ ਬਖਸ਼ੋ ਜੀ

੭-11-੨000 ਸਵੇਰੇ 4 ਤੋਂ 7 ਕੀਰਤਨ ਸ੍ਰੀ ਆਸਾ ਦੀ ਵਾਰ ਉਪ੍ਰੰਤ ਆਰੰਭ ਅਖੰਡ ਪਾਠ ਸਾਹਿਬ ਗੁ: ਬੇਬੇ ਨਾਨਕੀ ਵਿਖੇ। ਸ਼ਾਮ 6 ਵਜੇ ਸੋਦਰ ਉਪ੍ਰੰਤ ਚੌਂਕੀ ਦੇ ਰੂਪ ਵਿਚ ਸੁਲਤਾਨਪੁਰ ਲੋਧੀ ਦੇ ਸਾਰੇ ਗੁਰਦੁਆਰਿਆਂ ਦੇ ਦਰਸ਼ਨ।

10-11-੨000 ਸ਼ਾਮ 8 ਤੋਂ 11 ਕੀਰਤਨ ਗੁ: ਬੇਰ ਸਾਹਿਬ ਵਿਖੇ।

11-11-੨000 ਸਵੇਰੇ 7 ਵਜੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਉਪ੍ਰੰਤ ਕੀਰਤਨ ਦੁਪਹਿਰ ਤੱਕ ਗੁ: ਬੇਬੇ ਨਾਨਕੀ ਵਿਖੇ। ਸ਼ਾਮ 6 ਵਜੇ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ ਗੁ: ਬੇਬੇ ਨਾਨਕੀ ਵਿਖੇ।


ਅੰਮ੍ਰਿਤ ਸੰਚਾਰ: 11 ਨਵੰਬੱਰ ਸ਼ਾਮ 7 ਵਜੇ ਗੁ: ਬੇਬੇ ਨਾਨਕੀ ਵਿਖੇ ਅੰਮ੍ਰਿਤ ਸੰਚਾਰ ਸਮਾਗਮ ਆਰੰਭ ਹੋਣਗੇ

ਰਿਹਾਇਸ਼ ਤੇ ਲੰਗਰ: ਸੰਗਤ ਦੀ ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁ: ਬੇਬੇ ਨਾਨਕੀ ਵਿਖੇ ਹੋਵੇਗਾ।

ਦਾਸਰੇ : ਅਖੰਡ ਕੀਰਤਨੀ ਜੱਥਾ ਸੁਲਤਾਨਪੁਰ ਲੋਧੀ।


www.AKJ.Org

R.N.I. No. 12245/66 SURA-OCT.,-2000 P.O. Regd. No. PB/ 0195/2000







ਅਖੰਡ ਕੀਰਤਨੀ ਜੱਥਾ ਯੂ.ਕੇ. ਵਲੋਂ ਰਿਟਲੀ ਦੀ ਪਰਮ ਪੂਰਬਕ ਹੋਏ ਸਮਾਗਮ ਦੀਆਂ ਝਲਕੀਆਂ।

SURA (Monthly) Kothi No. 12, Block-1. BHAI RANDHIR SINGH NAGAR, LUDHIANA-141 004
www.AKJ.Org